ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

https://youtu.be/LQwolgxDu7I

awazeqaumtvpunjab@gmail.com

ਸੋਮਵਾਰ, 5 ਜਨਵਰੀ 2026 (ਨਾਨਕਸ਼ਾਹੀ ਸੰਮਤ : ੫੫੭, ੨੨ ਪੋਹ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243




## ਅੰਮ੍ਰਿਤਸਰ 'ਚ ਆਮ ਆਦਮੀ ਪਾਰਟੀ ਦੇ ਸਰਪੰਚ ਦਾ ਗੋਲੀਆਂ ਮਾਰ ਕੇ ਕਤਲ

**ਅੰਮ੍ਰਿਤਸਰ, 4 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਅੰਮ੍ਰਿਤਸਰ 'ਚ ਵੱਡੀ ਵਾਰਦਾਤ ਵਾਪਰੀ ਹੈ ਜਿਥੇ ਆਮ ਆਦਮੀ ਪਾਰਟੀ ਦੇ ਇੱਕ ਸਰਪੰਚ ਦੀ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ ਹੈ। ਜਾਣਕਾਰੀ ਮੁਤਾਬਕ ਸਰਪੰਚ ਜਰਮਲ ਸਿੰਘ ਇੱਕ ਵਿਆਹ ਸਮਾਗਮ ਵਿੱਚ ਸ਼ਾਮਲ ਹੋਣ ਲਈ ਆਏ ਸਨ। ਇਸ ਦੌਰਾਨ ਬਦਮਾਸ਼ਾਂ ਨੇ ਮੈਰਿਜ ਪੈਲੇਸ ਵਿੱਚ ਆ ਕੇ ਅਚਾਨਕ ਫਾਇਰਿੰਗ ਸ਼ੁਰੂ ਕਰ ਦਿੱਤੀ।



ਬਦਮਾਸ਼ਾਂ ਨੇ ਸਰਪੰਚ ਦੇ ਸਿਰ ਵਿੱਚ ਗੋਲੀਆਂ ਮਾਰੀਆਂ। ਗੋਲੀ ਲੱਗਣ ਕਾਰਨ ਸਰਪੰਚ ਜਰਮਲ ਸਿੰਘ ਬੁਰੀ ਤਰ੍ਹਾਂ ਜ਼ਖਮੀ ਹੋ ਗਏ। ਉਨ੍ਹਾਂ ਨੂੰ ਗੰਭੀਰ ਹਾਲਤ ਵਿੱਚ ਤੁਰੰਤ ਹਸਪਤਾਲ ਦਾਖਲ ਕਰਵਾਇਆ ਗਿਆ, ਜਿੱਥੇ ਇਲਾਜ ਦੌਰਾਨ ਉਨ੍ਹਾਂ ਨੇ ਦਮ ਤੋੜ ਦਿੱਤਾ। ਮ੍ਰਿਤਕ ਸਰਪੰਚ ਜਰਮਲ ਸਿੰਘ ਤਰਨਤਾਰਨ ਜ਼ਿਲ੍ਹੇ ਦੇ ਵਲਟੋਹਾ ਪਿੰਡ ਦੇ ਰਹਿਣ ਵਾਲੇ ਸਨ ਅਤੇ ਮੌਜੂਦਾ ਸਰਪੰਚ ਸਨ। ਪੁਲਸ ਜਾਂਚ ਦੇ ਅਨੁਸਾਰ, ਉਨ੍ਹਾਂ 'ਤੇ ਪਹਿਲਾਂ ਵੀ 3 ਵਾਰ ਹਮਲਾ ਹੋ ਚੁੱਕਾ ਸੀ। ਫਾਇਰਿੰਗ ਦੀ ਸੂਚਨਾ ਮਿਲਣ 'ਤੇ ਪੁਲਸ ਪੈਲੇਸ ਪਹੁੰਚੀ ਅਤੇ ਪੂਰੇ ਪੈਲੇਸ ਨੂੰ ਘੇਰ ਕੇ ਜਾਂਚ ਕੀਤੀ ਜਾ ਰਹੀ ਹੈ। ਪੁਲਸ ਵਿਆਹ ਸਮਾਗਮ ਵਿੱਚ ਆਏ ਲੋਕਾਂ ਤੋਂ ਵੀ ਪੁੱਛਗਿੱਛ ਕਰ ਰਹੀ ਹੈ। ਪੁਲਸ ਨੂੰ ਸ਼ੱਕ ਹੈ ਕਿ ਸਰਪੰਚ ਦੀ ਰੈਕੀ ਕੀਤੀ ਜਾ ਰਹੀ ਸੀ। ਪੁਲਸ ਆਸ-ਪਾਸ ਲੱਗੇ ਸੀਸੀਟੀਵੀ ਕੈਮਰਿਆਂ ਦੀ ਫੁਟੇਜ ਵੀ ਖੰਗਾਲ ਰਹੀ ਹੈ।

## 328 ਪਾਵਨ ਸਰੂਪਾਂ ਦੇ ਮਾਮਲੇ 'ਚ ਦੂਸਰੀ ਗ੍ਰਿਫ਼ਤਾਰੀ

# ਕਮਲਜੀਤ ਸਿੰਘ ਨੂੰ ਕੀਤਾ ਗ੍ਰਿਫਤਾਰ

**ਚੰਡੀਗੜ੍ਹ, 4 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਅੰਮ੍ਰਿਤਸਰ ਪੁਲਿਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 328 ਪਾਵਨ ਸਰੂਪਾਂ ਦੇ ਕਾਪੀਆਂ ਦੇ ਗਾਇਬ ਹੋਣ ਦੇ ਮਾਮਲੇ ਵਿੱਚ ਦੂਜੀ ਗ੍ਰਿਫ਼ਤਾਰੀ ਹੋਈ ਹੈ। ਪੁਲਿਸ ਨੇ ਅੰਮ੍ਰਿਤਸਰ ਦੇ ਇੱਕ ਪਿੰਡ ਤੋਂ ਕਮਲਜੀਤ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਤੋਂ ਪਹਿਲਾਂ, ਚਾਰਟਰਡ ਅਕਾਊਂਟੈਂਟ (ਸੀਏ) ਸਤਿੰਦਰ ਸਿੰਘ ਕੋਹਲੀ ਨੂੰ ਚੰਡੀਗੜ੍ਹ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਇਹ ਮਾਮਲਾ 2020 ਵਿੱਚ ਪਾਵਨ ਸਰੂਪ ਗਾਇਬ ਹੋਣ ਨਾਲ ਸਬੰਧਤ ਹੈ। ਇਸ ਸਬੰਧੀ 2025 ਵਿੱਚ ਇੱਕ ਐਫਆਈਆਰ ਦਰਜ ਕੀਤੀ ਗਈ ਸੀ। ਬਾਅਦ ਵਿੱਚ, 7 ਦਸੰਬਰ, 2025 ਨੂੰ ਅੰਮ੍ਰਿਤਸਰ ਪੁਲਿਸ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੁੱਖ ਸਕੱਤਰ ਅਤੇ ਇੱਕ ਸੀਏ ਸਮੇਤ 16 ਲੋਕਾਂ ਵਿਰੁੱਧ ਕੇਸ ਦਰਜ ਕੀਤਾ। ਪਹਿਲੀ ਗ੍ਰਿਫ਼ਤਾਰੀ ਵਿੱਚ, ਪੁਲਿਸ ਨੇ ਐਸਜੀਪੀਸੀ ਦੇ ਸਾਬਕਾ ਸੀਏ ਸਤਿੰਦਰ ਸਿੰਘ ਕੋਹਲੀ ਨੂੰ ਚੰਡੀਗੜ੍ਹ ਤੋਂ ਗ੍ਰਿਫ਼ਤਾਰ ਕੀਤਾ। ਕੋਹਲੀ 'ਤੇ ਐਸਜੀਪੀਸੀ ਲਈ ਸੀਏ ਵਜੋਂ ਕੰਮ ਕਰਦੇ ਹੋਏ ਮਾਮਲੇ ਨਾਲ ਸਬੰਧਤ ਮਹੱਤਵਪੂਰਨ ਦਸਤਾਵੇਜ਼ਾਂ ਅਤੇ ਰਿਕਾਰਡਾਂ ਤੱਕ ਪਹੁੰਚ ਕਰਨ ਦਾ ਦੋਸ਼ ਹੈ। ਪੁਲਿਸ ਅਨੁਸਾਰ, ਕਮਲਜੀਤ ਸਿੰਘ ਦਾ ਨਾਮ ਐਫਆਈਆਰ ਵਿੱਚ 11ਵੇਂ ਨੰਬਰ 'ਤੇ ਆਉਂਦਾ ਹੈ।



ਇਹ ਕਾਰਵਾਈ ਜਾਂਚ ਦੌਰਾਨ ਉਨ੍ਹਾਂ ਦੀ ਭੂਮਿਕਾ ਸਪੱਸ਼ਟ ਹੋਣ ਤੋਂ ਬਾਅਦ ਕੀਤੀ ਗਈ ਹੈ। ਪੁਲਿਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਪਹਿਲਾਂ ਕਿਹਾ ਸੀ ਕਿ ਈਸ਼ਵਰ ਸਿੰਘ ਕਮੇਟੀ ਦੀ ਰਿਪੋਰਟ ਦੇ ਆਧਾਰ 'ਤੇ ਹਰੇਕ ਦੋਸ਼ੀ ਦੀ ਭੂਮਿਕਾ ਨਿਰਧਾਰਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਉਸੇ ਕ੍ਰਮ ਵਿੱਚ ਗ੍ਰਿਫ਼ਤਾਰੀਆਂ ਕੀਤੀਆਂ ਜਾ ਰਹੀਆਂ ਹਨ, ਅਤੇ ਆਉਣ ਵਾਲੇ ਦਿਨਾਂ ਵਿੱਚ ਹੋਰ ਗ੍ਰਿਫ਼ਤਾਰੀਆਂ ਹੋਣੀਆਂ ਸੰਭਵ ਹਨ। ਮਾਮਲੇ ਦੀ ਗੰਭੀਰਤਾ ਨੂੰ ਦੇਖਦਿਆਂ ਹੋਇਆਂ ਇੱਕ ਵਿਸ਼ੇਸ਼ ਜਾਂਚ ਟੀਮ ਬਣਾਈ ਗਈ ਹੈ। ਅਦਾਲਤ ਤੋਂ ਪ੍ਰਾਪਤ ਸਰਚ ਵਾਰੰਟਾਂ ਦੇ ਆਧਾਰ 'ਤੇ, ਚੰਡੀਗੜ੍ਹ, ਅੰਮ੍ਰਿਤਸਰ ਸ਼ਹਿਰ, ਅੰਮ੍ਰਿਤਸਰ ਦਿਹਾਤੀ, ਗੁਰਦਾਸਪੁਰ, ਰੋਪੜ ਅਤੇ ਤਰਨਤਾਰਨ ਸਮੇਤ ਕਈ ਥਾਵਾਂ 'ਤੇ ਛਾਪੇਮਾਰੀ ਕੀਤੀ ਗਈ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਦੇ ਅਨੁਸਾਰ, ਕਮਲਜੀਤ ਸਿੰਘ ਨੇ 212 ਸਰੂਪ ਭੇਜਣ ਤੋਂ ਬਾਅਦ ਉਨ੍ਹਾਂ ਨੂੰ ਰਜਿਸਟਰ ਨਹੀਂ ਕੀਤਾ ਅਤੇ 55 ਹੋਰ ਜਮ੍ਹਾਂ ਨਹੀਂ ਕਰਵਾਏ, ਜਿਸ ਕਾਰਨ 267 ਸਰੂਪਾਂ ਲਈ ਫੰਡਾਂ ਦਾ ਗਬਨ ਹੋਇਆ, ਅਤੇ ਉਹ ਪਹਿਲਾਂ ਵੀ ਫੜਿਆ ਗਿਆ ਸੀ। ਇਸ ਮਾਮਲੇ ਵਿੱਚ 16 ਲੋਕਾਂ ਵਿਰੁੱਧ ਐਫਆਈਆਰ ਦਰਜ ਕੀਤੀ ਗਈ ਹੈ, ਜਿਨ੍ਹਾਂ ਵਿੱਚ ਕਈ ਸ਼੍ਰੋਮਣੀ ਕਮੇਟੀ ਅਧਿਕਾਰੀ ਅਤੇ ਕਰਮਚਾਰੀ (ਜਿਵੇਂ ਕਿ ਸਾਬਕਾ ਮੁੱਖ ਸਕੱਤਰ ਰੂਪ ਸਿੰਘ ਅਤੇ ਸਤਿੰਦਰ ਸਿੰਘ) ਸ਼ਾਮਲ ਹਨ।

## ਸ਼੍ਰੋਮਣੀ ਕਮੇਟੀ ਨੇ ਬਲਤੇਜ ਪੰਨੂ ਵੱਲੋਂ ਪੇਸ਼ ਕੀਤੇ ਜਾ ਰਹੇ ਗ਼ਲਤ ਤੱਥਾਂ ਦਾ ਕੀਤਾ ਸਖ਼ਤ ਖੰਡਨ

**ਨਵੀਂ ਦਿੱਲੀ, 4 ਜਨਵਰੀ (ਮਨਪ੍ਰੀਤ ਸਿੰਘ ਖਾਲਸਾ)**:-ਆਮ ਆਦਮੀ ਪਾਰਟੀ ਦੇ ਆਗੂ ਬਲਤੇਜ ਪੰਨੂ ਵੱਲੋਂ ਪੇਸ਼ ਕੀਤੇ ਜਾ ਰਹੇ ਗਲਤ ਤੱਥਾਂ ਦਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਖ਼ਤ ਖੰਡਨ ਕੀਤਾ ਹੈ। ਜਾਰੀ ਪ੍ਰੈਸ ਬਿਆਨ ਵਿੱਚ ਸ਼੍ਰੋਮਣੀ ਕਮੇਟੀ ਦੇ ਸਕੱਤਰ ਸ. ਪ੍ਰਤਾਪ ਸਿੰਘ ਨੇ ਕਿਹਾ ਕਿ ਬਲਤੇਜ ਪੰਨੂ ਵੱਲੋਂ ਹਰ ਸਾਲ ਇਜਲਾਸ ਡੀਸੀ ਦੀ ਪ੍ਰਵਾਨਗੀ ਨਾਲ ਹੋਣ ਦੀ ਕੀਤੀ ਗਈ ਗੱਲ ਠੀਕ ਤੱਥ ਨਹੀਂ ਹੈ। ਉਨ੍ਹਾਂ ਕਿਹਾ ਕਿ ਸਿੱਖ ਗੁਰਦੁਆਰਾ ਐਕਟ ਅਨੁਸਾਰ ਸ਼੍ਰੋਮਣੀ ਕਮੇਟੀ ਦੀਆਂ ਜਨਰਲ ਚੋਣਾਂ ਤੋਂ ਬਾਅਦ ਪਹਿਲੇ ਇਜਲਾਸ ਦੌਰਾਨ ਕੇਵਲ ਪ੍ਰਧਾਨਗੀ ਪਦ ਲਈ ਚੋਣ ਡਿਪਟੀ ਕਮਿਸ਼ਨਰ ਦੀ ਨਿਗਰਾਨੀ ਹੇਠ ਹੁੰਦੀ ਹੈ, ਜਿਸ ਮਗਰੋਂ ਇਜਲਾਸ ਦੀ ਅਗਵਾਈ ਚੁਣੇ ਗਏ ਪ੍ਰਧਾਨ ਦੁਆਰਾ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਜਨਰਲ ਚੋਣਾਂ ਮਗਰੋਂ ਪਹਿਲੇ ਇਜਲਾਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਹਰ ਸਾਲ ਹੋਣ ਵਾਲੇ ਜਨਰਲ ਇਜਲਾਸ ਦੀ ਅਗਵਾਈ ਐਕਟ ਮੁਤਾਬਕ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਕਰਦਾ ਹੈ, ਜਿਸ ਵਿੱਚ ਡਿਪਟੀ ਕਮਿਸ਼ਨਰ ਦੀ ਕਿਸੇ ਤਰ੍ਹਾਂ ਦੀ ਹਾਜ਼ਰੀ ਨਹੀਂ ਹੁੰਦੀ। ਉਨ੍ਹਾਂ ਕਿਹਾ ਕਿ ਬਲਤੇਜ ਪੰਨੂ ਵੱਲੋਂ ਸਿੱਖ ਗੁਰਦੁਆਰਾ ਐਕਟ ਦੀ ਇਸ ਮੱਧ ਨੂੰ ਤੋੜ ਕੇ ਪੇਸ਼ ਕੀਤਾ ਜਾ ਰਿਹਾ ਹੈ ਜੋ ਸੰਗਤਾਂ ਵਿੱਚ ਭਰਮ ਪੈਦਾ ਕਰਨ ਵਾਲਾ ਹੈ। ਸ. ਪ੍ਰਤਾਪ ਸਿੰਘ ਨੇ ਕਿਹਾ ਕਿ ਜੇਕਰ ਬਲਤੇਜ ਪੰਨੂ ਨੇ ਅਜਿਹੇ ਤਕਨੀਕੀ ਮਾਮਲਿਆਂ ਤੇ ਗੱਲ ਕਰਨੀ ਹੈ ਤਾਂ ਉਸ ਨੂੰ ਸਿੱਖ ਗੁਰਦੁਆਰਾ ਐਕਟ ਨੂੰ ਚੰਗੀ ਤਰ੍ਹਾਂ ਵਾਚਣਾ ਚਾਹੀਦਾ ਹੈ। ਸ. ਪ੍ਰਤਾਪ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਸਾਬਕਾ ਮੁੱਖ ਸਕੱਤਰ ਡਾਕਟਰ ਰੂਪ ਸਿੰਘ ਦੇ ਅਸਤੀਫੇ ਦੀ ਪ੍ਰਵਾਨਗੀ ਨੂੰ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨਾਲ ਜੋੜ ਕੇ ਦੱਸਣਾ ਵੀ ਤੱਥਹੀਣ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਜਦੋਂ ਡਾ. ਈਸ਼ਰ ਸਿੰਘ ਦੁਆਰਾ ਜਾਂਚ ਰਿਪੋਰਟ ਪੇਸ਼ ਕੀਤੀ ਗਈ ਸੀ ਅਤੇ ਇਸ ਅਨੁਸਾਰ ਅਮਲ ਵਿੱਚ ਲਿਆਂਦੀ ਗਈ ਕਾਰਵਾਈ ਵੇਲੇ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਸਨ ਨਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵਜੋਂ ਸੇਵਾ ਨਿਭਾ ਰਹੇ ਸਨ। ਉਨ੍ਹਾਂ ਕਿਹਾ ਕਿ ਸਿੱਖ ਸੰਸਥਾ ਬਾਰੇ ਕੋਈ ਵੀ ਟਿੱਪਣੀ ਕਰਨ ਤੋਂ ਪਹਿਲਾਂ ਤੱਥਾਂ ਨੂੰ ਚੰਗੀ ਤਰ੍ਹਾਂ ਵਾਚਣਾ ਜ਼ਰੂਰੀ ਹੈ, ਨਾ ਕਿ ਮਨਮਰਜ਼ੀ ਦੀਆਂ ਗੱਲਾਂ ਕਰਕੇ ਸੰਗਤ ਨੂੰ ਭੁਲੇਖੇ ਪੈਦਾ ਕਰਨਾ।

## ਸ਼੍ਰੋਮਣੀ ਅਕਾਲੀ ਦਲ ਦੇ ਵਿਦਿਆਰਥੀ ਵਿੰਗ (SOI) ਦੇ ਜਥੇਬੰਦਕ ਢਾਂਚੇ ਦਾ ਐਲਾਨ

**ਚੰਡੀਗੜ੍ਹ/ਜਲੰਧਰ, 4 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਸ਼੍ਰੋਮਣੀ ਅਕਾਲੀ ਦਲ ਦੇ ਵਿਦਿਆਰਥੀ ਵਿੰਗ (ਐੱਸ. ਓ. ਆਈ) ਦੇ ਕੋਆਰਡੀਨੇਟਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਅਤੇ ਐੱਸ. ਓ. ਆਈ. ਦੇ ਪ੍ਰਧਾਨ ਰਣਬੀਰ ਸਿੰਘ ਢਿੱਲੋਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਪ੍ਰਵਾਨਗੀ ਅਤੇ ਸੀਨੀਅਰ ਆਗੂਆਂ ਨਾਲ ਸਲਾਹ-ਮਸ਼ਵਰਾ ਕਰਨ ਉਪਰੰਤ ਐੱਸ .ਓ. ਆਈ. ਦੇ ਜਥੇਬੰਦਕ ਢਾਂਚੇ ਦਾ ਐਲਾਨ ਕਰ ਦਿੱਤਾ। ਸ਼ਨੀਵਾਰ ਨੂੰ ਪਾਰਟੀ ਦੇ ਮੁੱਖ ਦਫ਼ਤਰ ਤੋਂ ਜਾਰੀ ਸੂਚੀ ਅਨੁਸਾਰ ਜਿਨ੍ਹਾਂ ਮਿਹਨਤੀ ਵਿਦਿਆਰਥੀ ਆਗੂਆਂ ਨੂੰ ਜ਼ੋਨ ਵਾਈਜ਼ ਪ੍ਰਧਾਨ ਬਣਾਇਆ ਗਿਆ ਹੈ ਉਨ੍ਹਾਂ 'ਚ ਮਾਲਵਾ ਜ਼ੋਨ-1, ਜਿਸ 'ਚ ਫਿਰੋਜ਼ਪੁਰ, ਫਾਜ਼ਿਲਕਾ, ਸ੍ਰੀ ਮੁਕਤਸਰ ਸਾਹਿਬ, ਫਰੀਦਕੋਟ, ਬਠਿੰਡਾ ਅਤੇ ਜ਼ਿਲ੍ਹਾ ਮਾਨਸਾ ਸ਼ਾਮਲ ਹਨ ਦਾ ਪ੍ਰਧਾਨ ਜਸ਼ਨ ਔਲਖ ਨੂੰ ਬਣਾਇਆ ਗਿਆ ਹੈ। ਇਸੇ ਤਰਾਂ ਮਾਲਵਾ ਜ਼ੋਨ-2, ਜਿਸ 'ਚ ਮੋਗਾ, ਲੁਧਿਆਣਾ, ਬਰਨਾਲਾ ਅਤੇ ਜ਼ਿਲ੍ਹਾ ਮਾਲੇਰਕੋਟਲਾ ਸ਼ਾਮਲ ਹੈ, ਦਾ ਅਰਸ਼ ਮਾਣਕਵਾਲਾ ਨੂੰ ਪ੍ਰਧਾਨ ਬਣਾਇਆ ਗਿਆ ਹੈ। ਮਾਲਵਾ ਜ਼ੋਨ-3, ਜਿਸ 'ਚ ਜ਼ਿਲ੍ਹਾ ਰੋਪੜ, ਮੋਹਾਲੀ, ਫ਼ਤਿਹਗੜ੍ਹ ਸਾਹਿਬ, ਪਟਿਆਲਾ, ਸੰਗਰੂਰ ਅਤੇ ਪੁਲਸ ਜ਼ਿਲ੍ਹਾ ਖੰਨਾ ਸ਼ਾਮਲ ਹੈ, ਦਾ ਕੁਲਦੀਪ ਸਿੰਘ ਝਿੰਜਰ ਨੂੰ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਸੁਖਜਿੰਦਰ ਸਿੰਘ ਔਜਲਾ ਨੂੰ ਦੋਆਬਾ ਜ਼ੋਨ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਹਰਕਮਲ ਸਿੰਘ ਭੂਰੇਗਿੱਲ ਨੂੰ ਮਾਝਾ ਜ਼ੋਨ ਦਾ ਵਰਕਿੰਗ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਤਰਨਦੀਪ ਸਿੰਘ ਚੀਮਾ ਨੂੰ ਚੰਡੀਗੜ੍ਹ ਯੂ. ਟੀ. ਦਾ ਪ੍ਰਧਾਨ ਬਣਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਦਿੱਲੀ ਯੂਨਿਟ ਦਾ ਵੀ ਗਠਨ ਕਰ ਦਿੱਤਾ ਗਿਆ ਹੈ, ਜਿਸ ਅਨੁਸਾਰ ਮਨਦੀਪ ਸਿੰਘ ਨੂੰ ਸਰਪ੍ਰਸਤ, ਮਨਜੋਤ ਸਿੰਘ ਨੂੰ ਕਨਵੀਨਰ, ਹਰਮਨਪ੍ਰੀਤ ਸਿੰਘ ਨੂੰ ਦਿੱਲੀ ਯੂਨਿਟ ਦਾ ਪ੍ਰਧਾਨ, ਏਕਮ ਸਿੰਘ ਨੂੰ ਸਕੱਤਰ ਜਨਰਲ, ਜਸਕਰਨਪਾਲ ਸਿੰਘ ਨੂੰ ਮੀਤ ਪ੍ਰਧਾਨ, ਤੇਜਪ੍ਰੀਤ ਸਿੰਘ ਨੂੰ ਜਨਰਲ ਸਕੱਤਰ ਤੇ ਹਰਗੁਣ ਸਿੰਘ ਨੂੰ ਦਿੱਲੀ ਯੂਨਿਟ ਦਾ ਜੁਆਇੰਟ ਸਕੱਤਰ ਨਿਯੁਕਤ ਕੀਤਾ ਗਿਆ ਹੈ। ਗੁਰਪ੍ਰੀਤ ਸਿੰਘ ਰਾਜੂ ਖੰਨਾ ਤੇ ਰਣਬੀਰ ਸਿੰਘ ਢਿੱਲੋਂ ਨੇ ਦੱਸਿਆ ਕਿ ਹਰਕਮਲ ਸਿੰਘ ਭੂਰੇਗਿੱਲ ਅਤੇ ਮਨਵਿੰਦਰ ਸਿੰਘ ਵੜੈਚ ਨੂੰ ਐੱਸ. ਓ. ਆਈ. ਦਾ ਸਕੱਤਰ ਜਨਰਲ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਜਿਨ੍ਹਾਂ ਆਗੂਆਂ ਨੂੰ ਐੱਸ. ਓ .ਆਈ. ਦਾ ਸੀਨੀਅਰ ਮੀਤ ਪ੍ਰਧਾਨ ਬਣਾਇਆ ਗਿਆ ਹੈ, ਉਨ੍ਹਾਂ 'ਚ ਆਕੇਸ਼ਕਮਲਜੀਤ ਸਿੰਘ ਕੋਟਕਪਰਾ, ਸ਼ੰਮੀ ਕੰਗ ਤਰਨਤਾਰਨ, ਅਮੀਰ ਸਿੰਘ ਪੰਨੂ ਮੋਹਾਲੀ, ਗੁਰਸ਼ਰਨ ਸਿੰਘ ਮਾਨਸਾ, ਡੀ. ਸੀ. ਸਿੰਘ ਬੁਢਲਾਢਾ, ਹਰਮਨ ਸਿੰਘ ਰੰਧਾਵਾ ਅੰਮ੍ਰਿਤਸਰ, ਗੁਰਕੀਰਤ ਸਿੰਘ ਪਨਾਗ ਫ਼ਤਹਿਗੜ੍ਹ ਸਾਹਿਬ ਤੇ ਗੁਰਬਾਜ ਸਿੰਘ ਬਾਠ ਗੁਰਦਾਸਪੁਰ ਦੇ ਨਾਂ ਸ਼ਾਮਲ ਹਨ। ਇਸੇ ਤਰ੍ਹਾਂ ਜਿਨ੍ਹਾਂ ਨੂੰ ਐੱਸ. ਓ. ਆਈ. ਦਾ ਮੀਤ ਪ੍ਰਧਾਨ ਬਣਾਇਆ ਗਿਆ ਹੈ, ਉਨ੍ਹਾਂ 'ਚ ਅਮਨਦੀਪ ਸਿੰਘ ਸਰਦੂਲਗੜ੍ਹ, ਹਿਰਦੇਪਾਲ ਸਿੰਘ ਸੇਖੋਂ ਗਿੱਦੜਬਾਹਾ, ਪਰਮਰਾਜ ਸਿੰਘ ਰਾਜਪੁਰਾ, ਦੀਕਸ਼ਤ ਭੱਟੀ ਫਿਰੋਜ਼ਪੁਰ, ਅਨਹਦ ਪਰਾਸ਼ਰ ਪਠਾਨਕੋਟ, ਤਾਨਿਸ਼ ਭਨੋਟ ਲੁਧਿਆਣਾ, ਸੌਰਵ ਸ਼ੇਰਖਾਂ ਫਿਰੋਜ਼ਪੁਰ, ਜਸ਼ਨ ਸੰਧੂ ਬਾਜਕ ਬਠਿੰਡਾ ਤੇ ਅਕਸ਼ੈ ਕੁਮਾਰ ਜੈਂਟੀ ਗੁਰੂ ਹਰਸਹਾਏ ਦੇ ਨਾਂ ਸ਼ਾਮਲ ਹਨ।

## ਕੌਣ ਹੈ ਵੈਨੇਜ਼ੁਏਲਾ ਦੀ ਨਵੀਂ ਰਾਸ਼ਟਰਪਤੀ ਡੈਲਸੀ ਰੋਡਰਿਗਜ਼ ?

**ਵੈਨੇਜ਼ੁਏਲਾ, 4 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਅਮਰੀਕੀ ਫੌਜ ਦੁਆਰਾ ਰਾਸ਼ਟਰਪਤੀ ਨਿਕੋਲਸ ਮਾਦੁਰੋ ਦੀ ਗ੍ਰਿਫਤਾਰੀ ਤੋਂ ਬਾਅਦ ਵੈਨੇਜ਼ੁਏਲਾ ਵਿੱਚ ਤਿੱਖੀ ਰਾਜਨੀਤਿਕ ਉਥਲ-ਪੁਥਲ ਦੇ ਵਿਚਕਾਰ, ਦੇਸ਼ ਦੀ ਸੁਪਰੀਮ ਕੋਰਟ ਨੇ ਇੱਕ ਮਹੱਤਵਪੂਰਨ ਫੈਸਲਾ ਸੁਣਾਇਆ ਹੈ। ਅਦਾਲਤ ਨੇ ਉਪ ਰਾਸ਼ਟਰਪਤੀ ਡੈਲਸੀ ਰੋਡਰਿਗਜ਼ ਨੂੰ ਕਾਰਜਕਾਰੀ ਰਾਸ਼ਟਰਪਤੀ ਵਜੋਂ ਅਹੁਦਾ ਸੰਭਾਲਣ ਦਾ ਆਦੇਸ਼ ਦਿੱਤਾ ਹੈ। ਅਦਾਲਤ ਨੇ ਕਿਹਾ ਕਿ ਇਹ ਫੈਸਲਾ ਦੇਸ਼ ਦੀ ਪ੍ਰਭੂਸੱਤਾ ਅਤੇ ਪ੍ਰਸ਼ਾਸਨਿਕ ਨਿਰੰਤਰਤਾ ਨੂੰ ਬਣਾਈ ਰੱਖਣ ਲਈ ਜ਼ਰੂਰੀ ਹੈ। 56 ਸਾਲਾ ਡੈਲਸੀ ਰੋਡਰਿਗਜ਼ ਵੈਨੇਜ਼ੁਏਲਾ ਦੀ ਰਾਜਨੀਤੀ ਵਿੱਚ ਇੱਕ ਪ੍ਰਮੁੱਖ ਅਤੇ ਤਜਰਬੇਕਾਰ ਹਸਤੀ ਹੈ। ਉਹ ਇੱਕ ਇਨਕਲਾਬੀ ਪਰਿਵਾਰ ਤੋਂ ਆਉਂਦੀ ਹੈ। ਉਸਦੇ ਪਿਤਾ, ਜੋਰਜ ਐਂਟੋਨੀਓ ਰੋਡਰਿਗਜ਼, ਇੱਕ ਖੱਬੇਪੱਖੀ ਗੁਰੀਲਾ ਨੇਤਾ ਸਨ। ਡੈਲਸੀ, ਇੱਕ ਕਾਨੂੰਨ ਦੀ ਵਿਦਿਆਰਥਣ, ਪਿਛਲੇ ਦਹਾਕੇ ਵਿੱਚ ਮਾਦੁਰੋ ਦੇ ਸਭ ਤੋਂ ਭਰੋਸੇਮੰਦ ਸਹਿਯੋਗੀਆਂ ਵਿੱਚੋਂ ਇੱਕ ਵਜੋਂ ਉਭਰੀ ਹੈ। ਉਹ ਮਾਦੁਰੋ ਸਰਕਾਰ ਦੀ ਪੱਕੀ ਸਮਰਥਕ ਰਹੀ ਹੈ। ਮਾਦੁਰੋ ਨੇ ਆਪਣੀ ਸਰਕਾਰ ਦੇ ਸਮਰਥਨ ਲਈ ਉਸਨੂੰ "ਸ਼ੇਰਨੀ" ਵੀ ਕਿਹਾ। 2013 ਅਤੇ 2017 ਦੇ ਵਿਚਕਾਰ, ਉਸਨੇ ਸੂਚਨਾ ਅਤੇ ਵਿਦੇਸ਼ ਮੰਤਰਾਲਿਆਂ ਵਿੱਚ ਮਹੱਤਵਪੂਰਨ ਅਹੁਦੇ ਸੰਭਾਲੇ। ਜੂਨ 2018 ਵਿੱਚ, ਮਾਦੁਰੋ ਨੇ ਉਸਨੂੰ ਦੇਸ਼ ਦਾ ਉਪ ਰਾਸ਼ਟਰਪਤੀ ਨਿਯੁਕਤ ਕੀਤਾ। ਮਾਦੁਰੋ ਨੇ ਅਕਸਰ ਉਸਨੂੰ "ਇੱਕ ਬਹਾਦਰ ਇਨਕਲਾਬੀ, ਇੱਕ ਹਜ਼ਾਰ ਲੜਾਈਆਂ ਵਿੱਚ ਪਰਖਿਆ" ਦੱਸਿਆ ਹੈ। ਅਗਸਤ 2024 ਵਿੱਚ, ਉਸਨੂੰ ਅਮਰੀਕੀ ਪਾਬੰਦੀਆਂ ਦੇ ਵਿਰੁੱਧ ਦੇਸ਼ ਦੀ ਆਰਥਿਕਤਾ ਨੂੰ ਸੰਭਾਲਣ ਵਿੱਚ ਸਹਾਇਤਾ ਲਈ ਤੇਲ ਮੰਤਰੀ ਦਾ ਵਾਧੂ ਚਾਰਜ ਦਿੱਤਾ ਗਿਆ ਸੀ।



ਮਾਦੁਰੋ ਨੇ ਆਪਣੇ ਆਪ ਨੂੰ ਦੇਸ਼ ਦਾ ਇਕਲੌਤਾ ਰਾਸ਼ਟਰਪਤੀ ਐਲਾਨਿਆ ਸੁਪਰੀਮ ਕੋਰਟ ਦੇ ਹੁਕਮ ਤੋਂ ਬਾਅਦ, ਡੈਲਸੀ ਰੋਡਰਿਗਜ਼ ਨੇ ਸਰਕਾਰੀ ਟੈਲੀਵਿਜ਼ਨ 'ਤੇ ਪ੍ਰਸਾਰਿਤ ਇੱਕ ਆਡੀਓ ਸੰਦੇਸ਼ ਵਿੱਚ ਸਖ਼ਤ ਰੁਖ਼ ਅਪਣਾਇਆ। ਉਸਨੇ ਨਿਕੋਲਸ ਮਾਦੁਰੋ, ਜੋ ਕਿ ਅਮਰੀਕੀ ਹਿਰਾਸਤ ਵਿੱਚ ਹੈ, ਨੂੰ ਦੇਸ਼ ਦਾ ਇਕਲੌਤਾ ਜਾਇਜ਼ ਰਾਸ਼ਟਰਪਤੀ ਐਲਾਨਿਆ ਅਤੇ ਅਮਰੀਕਾ ਤੋਂ ਸਬੂਤ ਮੰਗਿਆ ਕਿ ਉਹ ਜ਼ਿੰਦਾ ਹੈ। ਉਸਨੇ ਕਿਹਾ ਕਿ ਇਸ ਦੇਸ਼ ਦਾ ਸਿਰਫ ਇੱਕ ਹੀ ਰਾਸ਼ਟਰਪਤੀ ਹੈ, ਅਤੇ ਉਸਦਾ ਨਾਮ ਨਿਕੋਲਸ ਮਾਦੁਰੋ ਮੋਰੋਸ ਹੈ।

## ਹੁਣ ਹਰਿਆਣਾ ਸਰਕਾਰ ਨੇ ਦਿੱਤੀ 40 ਦਿਨਾਂ ਦੀ ਪੈਰੋਲ : 15ਵੀਂ ਵਾਰ ਜੇਲ੍ਹ ਤੋਂ ਆਵੇਗਾ ਬਾਹਰ ਸੌਦਾ ਸਾਧ

**ਰੋਹਤਕ, 4 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਬਲਾਤਕਾਰ ਦੇ ਮਾਮਲੇ ਵਿੱਚ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਜੇਲ੍ਹ ਵਿੱਚ ਬੰਦ ਸੌਦਾ ਸਾਧ ਨੂੰ 40 ਦਿਨਾਂ ਦੀ ਪੈਰੋਲ ਮਿਲ ਗਈ ਹੈ। ਉਸ ਨੂੰ ਸੁਨਾਰੀਆ ਜ਼ਿਲ੍ਹਾ ਜੇਲ੍ਹ ਤੋਂ ਡੇਰੇ ਲਈ ਸਿਰਸਾ ਲਈ 40 ਦਿਨਾਂ ਦੀ ਪੈਰੋਲ ਮਿਲ ਗਈ ਹੈ। ਸੌਦਾ ਸਾਧ ਜਲਦੀ ਹੀ ਰੋਹਤਕ ਦੀ ਸੁਨਾਰੀਆ ਜੇਲ੍ਹ ਛੱਡ ਕੇ ਸਿਰਸਾ ਸਥਿਤ ਡੇਰੇ ਪਹੁੰਚੇਗਾ। ਪਿਛਲੇ ਅੱਠ ਸਾਲਾਂ ਵਿੱਚ ਇਹ 15ਵੀਂ ਵਾਰ ਹੈ ਜਦੋਂ ਸੌਦਾ ਸਾਧ ਨੂੰ ਜੇਲ੍ਹ ਤੋਂ ਰਿਹਾਅ ਕੀਤਾ ਗਿਆ ਹੈ; ਇਹ 2026 ਵਿੱਚ ਉਸ ਦੀ ਪਹਿਲੀ ਰਿਹਾਈ ਹੋਵੇਗੀ।



ਸੌਦਾ ਸਾਧ ਦੇ ਸਿਰਸਾ ਆਉਣ ਤੋਂ ਪਹਿਲਾਂ ਗਤੀਵਿਧੀਆਂ ਤੇਜ਼ ਹੋ ਗਈਆਂ ਹਨ। ਸੌਦਾ ਸਾਧ ਦੇ ਵਾਰ-ਵਾਰ ਪੈਰੋਲ ਅਕਸਰ ਰਾਜਨੀਤਿਕ ਤਣਾਅ ਪੈਦਾ ਕਰਦੇ ਹਨ। ਇਹ ਇਸ ਸਾਲ ਉਸ ਦੀ ਚੌਥੀ ਰਿਹਾਈ ਹੈ ਅਤੇ 2017 ਵਿੱਚ ਉਸ ਨੂੰ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ 15ਵੀਂ ਰਿਹਾਈ ਹੈ। ਪਿਛਲੀ ਪੈਰੋਲ ਦੀ ਮਿਆਦ 40 ਦਿਨ ਸੀ, ਅਤੇ ਇਸ ਵਾਰ ਵੀ, ਉਸ ਨੂੰ ਇੰਨੇ ਹੀ ਦਿਨਾਂ ਲਈ ਪੈਰੋਲ ਦਿੱਤੀ ਗਈ ਹੈ। ਇਸ ਤੋਂ ਪਹਿਲਾਂ, ਸੌਦਾ ਸਾਧ ਨੂੰ ਅਪ੍ਰੈਲ ਵਿੱਚ 21 ਦਿਨਾਂ ਦੀ ਛੁੱਟੀ ਅਤੇ ਜਨਵਰੀ ਵਿੱਚ 30 ਦਿਨਾਂ ਦੀ ਪੈਰੋਲ ਦਿੱਤੀ ਗਈ ਸੀ। ਸੌਦਾ ਸਾਧ ਰੋਹਤਕ ਦੀ ਸੁਨਾਰੀਆ ਜੇਲ੍ਹ ਵਿੱਚ ਆਪਣੀ ਸਜ਼ਾ ਕੱਟ ਰਿਹਾ ਹੈ। 2017 ਵਿੱਚ ਬਲਾਤਕਾਰ ਦੇ ਮਾਮਲਿਆਂ ਵਿੱਚ ਦੋਸ਼ੀ ਠਹਿਰਾਏ ਜਾਣ ਤੋਂ ਬਾਅਦ ਉਸਨੂੰ ਦੁਬਾਰਾ ਰਿਹਾਅ ਕੀਤਾ ਜਾਵੇਗਾ। ਅਗਸਤ 2017 ਵਿੱਚ, ਰਾਮ ਰਹੀਮ ਨੂੰ ਦੋ ਮਹਿਲਾ ਪੈਰੋਕਾਰਾਂ ਨਾਲ ਬਲਾਤਕਾਰ ਕਰਨ ਦੇ ਦੋਸ਼ ਵਿੱਚ 20 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਸੀ। ਇਸ ਸਜ਼ਾ ਤੋਂ ਬਾਅਦ ਪੰਚਕੂਲਾ ਅਤੇ ਸਿਰਸਾ ਵਿੱਚ ਹਿੰਸਕ ਹਿੰਸਾ ਭੜਕ ਗਈ, ਜਿਸ ਵਿੱਚ ਲਗਭਗ 40 ਲੋਕ ਮਾਰੇ ਗਏ ਸਨ।

ਇਸ ਦੌਰਾਨ ਸਿੱਖ ਹਿਰਦਿਆਂ ਲਈ ਭਾਰੀ ਠੇਸ ਦੀ ਗੱਲ ਹੈ ਕਿਉਂਕਿ ਡੇਰਾ ਮੁੱਖੀ ਕਤਲ ਅਤੇ ਜਬਰਜ਼ਿਨ੍ਹਾਹ ਦੇ ਗੰਭੀਰ ਦੋਸ਼ਾਂ ਦੇ ਨਾਲ ਦਸਮ ਪਾਤਸ਼ਾਹ ਦੇ ਸਵਾਂਗ ਰਚਣ ਦਾ ਵੀ ਦੋਸ਼ੀ ਹੈ । ਇੱਕ ਪਾਸੇ ਸਿੱਖ ਕੈਦੀ, ਜੋ ਆਪਣੀ ਸਜ਼ਾ ਪੂਰੀ ਕਰ ਚੁੱਕੇ ਹਨ, ਉਨ੍ਹਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ, ਜਦਕਿ ਦੂਜੇ ਪਾਸੇ ਰਾਮ ਰਹੀਮ ਨੂੰ ਵਾਰ-ਵਾਰ ਪੈਰੋਲ 'ਤੇ ਛੱਡਿਆ ਜਾ ਰਿਹਾ ਹੈ।




## ਸ਼ਹੀਦਾਂ ਦੀ ਯਾਦ 'ਚ ਅਤੇ ਭਲਵਾਨਾਂ ਦੀ ਚੜ੍ਹਦੀ ਕਲਾ ਲਈ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਇੰਗਲੈਂਡ ਨਿਵਾਸੀ ਸ. ਜੋਗਿੰਦਰ ਸਿੰਘ ਢੰਡੋਵਾਲ ਦੇ ਪਰਿਵਾਰ ਵੱਲੋਂ ਹੋਵੇਗੀ।

ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਆਰੰਭਤਾ 12 ਜਨਵਰੀ, 2026 (ਦਿਨ ਸੋਮਵਾਰ) ਸਵੇਰੇ 10.00 ਵਜੇ ਨੂੰ ਹੋਵੇਗੀ, ਜਿਨ੍ਹਾਂ ਦੇ ਭੋਗ 14 ਜਨਵਰੀ, 2026 (ਦਿਨ ਬੁੱਧਵਾਰ) ਨੂੰ ਸਵੇਰੇ 10.00 ਵਜੇ ਪਾਏ ਜਾਣਗੇ। ਅਰਦਾਸ ਉਪਰੰਤ ਦੀਵਾਨ ਸਜਣਗੇ, ਜਿਸ ਦੌਰਾਨ ਪੰਥ ਪ੍ਰਸਿੱਧ ਰਾਗੀ-ਢਾਡੀ ਸੰਗਤਾਂ ਨੂੰ ਨਿਹਾਲ ਕਰਨਗੇ। ਉਪਰੰਤ ਛਿੰਝ ਦੌਰਾਨ ਭਲਵਾਨ ਆਪਣੀ ਭਲਵਾਨੀ ਦੇ ਜੌਹਰ ਦਿਖਾਉਣਗੇ।

ਛਿੰਝ ਮੇਲੇ ਦਾ ਲਾਈਵ ਪ੍ਰਸਾਰਣ ਆਵਾਜ਼ਿ ਕੌਮ AWAZE QAUM WEB TV 'ਤੇ ਦੇਖਿਆ ਜਾ ਸਕਦਾ ਹੈ।

**ਸਮੂਹ ਇਲਾਕਾਵਸੀਆਂ ਨੂੰ ਪਹੁੰਚਣ ਦਾ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ ਜੀ**

**ਵੱਲੋਂ: ਸਮੂਹ ਨਗਰ ਨਿਵਾਸੀ ਪਿੰਡ ਢੰਡੋਵਾਲ, ਸ਼ਾਹਕੋਟ (ਜਲੰਧਰ)**

ਸੰਪਰਕ: (ਨਛੱਤਰ ਸਿੰਘ ਸੱਤੀ) 98151-02950, 82840-32366 (ਬਲਿਹਾਰ ਸਿੰਘ ਨੰਬਰਦਾਰ), (ਜੀਤ ਸਿੰਘ) 92573-40139

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear death of conscience is a sure death

Sant Jarnail Singh Ji Khalsa Bhindranwale

www.damdamitaksal.net



ਦਮਦਮੀ ਟਕਸਾਲ ਜਥਾ ਭਿੰਡਰਾਂ (ਮਹਿਤਾ)

www.damdamitaksal.net

ਨਾਮ ਜਪੋ ਕਿਰਤ ਕਰੋ ਵੰਡ ਛਕੋ — Naam Japo Kirat Karo Vand Shako

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ

Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ

Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ

Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ

Learn Gurmukhi Punjabi

ਗਤਕਾ ਸਿੱਖੋ Learn Gatka

www.damdamitaksal.net



ਆਵਾਜ਼ਿ ਕੌਮ

Daily Newspaper from U.K.

Publisher/Chief Editor

**Raghbir Singh Walsal**

E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I

Contact :

+447458381111

+447976210161

+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ

ਯੂ.ਕੇ. ਮੁੱਖ ਸੰਪਾਦਕ

Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


# ਸੰਤ ਗਿਆਨੀ ਗੁਰਬਚਨ ਸਿੰਘ ਜੀ

# ਖਾਲਸਾ ਮੈਮੋਰੀਅਲ ਹਸਪਤਾਲ

## ਇੱਥੇ ਹਰ ਸ਼ਨੀਵਾਰ ਅੱਖਾਂ ਦੇ ਫ੍ਰੀ ਆਪ੍ਰੇਸ਼ਨ ਕੀਤੇ ਜਾਂਦੇ ਹਨ।



+91 98767-50784 +91 98767-50784

ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲੇ

ਮੁਖੀ ਦਮਦਮੀ ਟਕਸਾਲ, ਪ੍ਰਧਾਨ ਸੰਤ ਸਮਾਜ

## ਮਹਿਤਾ ਚੌਂਕ, ਅੰਮ੍ਰਿਤਸਰ

# ਸਾਂਝਾ ਪੰਜਾਬ

## VEG & NON-VEG INDIAN

WE CATER FOR
★★★★★









SANJHA PUNJAB
VEG & NON-VEG INDIAN
TAKE AWAY MENU

0116 291 1565
075 9999 5787
47 BELGRAVE ROAD
LEICESTER LE4 6AR
visit us : www.sanjhapunjab.co.uk
email: sanjha47@hotmail.com

0784 102 9416

SANJHA PUNJAB
VEG & NON-VEG INDIAN
0116 291 1565
visit us : www.sanjhapunjab.co.uk
email: sanjha47@hotmail.com

ALLERGY ADVICE !!
Please ask a member of staff if you have any food intolerance or allergies.


ਆਵਾਜ਼ਿ ਕੌਮ
AWAZE QAUM
International Newspaper & WEB TV




# SAROA DENTAL CLINIC & IMPLANT CENTRE

**A Multispeciality Dental Clinic...**

- DENTAL CHECKUP
- CLEANING
- ROOT CANALS
- PREVENTIVE CARE

**LATEST FACILITIES AVAILABLE :**

Dental Implants
Dental Laset
Tooth Coloured Braces
Digital IOPA x-ray
Digital OPG x-ray

**DR. KAMALJIT SAROA**

B.D.S., Dental Surgeon
Moti Nagar, Near Railway
Crossing, Maqsudan
Jalandhar-144 008

**Contact :**

**98150-83338**
**70879-59639**



ਮੈਂ ਖ਼ੁਦ ਆਪਣਾ ਇਲਾਜ ਆਪਣੀ ਇੰਡੀਆ ਵਿਜਿਟ ਦੌਰਾਨ ਇੱਥੋਂ ਕਰਵਾਇਆ ਹੈ ਅਤੇ ਮੈਂ ਸਮੂਹ ਐਨ. ਆਰ. ਆਈਜ਼ ਅਤੇ ਲੋਕਲ ਵਸਨੀਕਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਸਰੋਆ ਡੈਂਟਲ ਕਲੀਨਿਕ ਅਤੇ ਇੰਪਲਾਂਟ ਸੈਂਟਰ ਵੱਲੋਂ ਬਹੁਤ ਹੀ ਵਧੀਆ ਅਤੇ ਵਾਜਬ ਸੇਵਾਵਾਂ ਪ੍ਰਦਾਨ ਕੀਤੀਆਂ ਹਨ ਅਤੇ ਇਸੇ ਕਾਰਨ ਮੈਂ ਅਪੀਲ ਕਰਦਾ ਹਾਂ ਕਿ ਜੇਕਰ ਕਿਸੇ ਨੂੰ ਵੀ, ਕਿਸੇ ਵੀ ਤਰ੍ਹਾਂ ਦੀ ਦੰਦਾਂ ਨਾਲ ਸੰਬੰਧਤ ਕੋਈ ਤਕਲੀਫ਼ ਹੈ ਤਾਂ ਇੱਕ ਵਾਰ ਇੱਥੇ ਜ਼ਰੂਰ ਵਿਜ਼ਿਟ ਕਰੋ।

-ਰਘਵੀਰ ਸਿੰਘ ਵਾਲਸਾਲ, ਮੁੱਖ ਸੰਪਾਦਕ 'ਆਵਾਜ਼ਿ ਕੌਮ, ਯੂ. ਕੇ.'

### ਜੱਥੇਦਾਰ ਖੁੱਡੀਆ ਇਮਾਨਦਾਰੀ, ਸਿਦਕ ਅਤੇ ਸਾਦਗੀ ਦੀ ਮੂਰਤ ਸਨ

# ਜੱਥੇਦਾਰ ਖੁੱਡੀਆ, ਪ੍ਰਕਾਸ਼ ਸਿੰਘ ਬਾਦਲ ਤੋਂ ਸਿੱਖ ਪੰਥ ਨੂੰ ਉਪਜਣ ਵਾਲਿਆਂ ਖਤਰਿਆਂ ਤੋਂ ਪੂਰੀ ਤਰ੍ਹਾਂ ਸੁਚੇਤ ਸਨ



**ਮੇਰਾ ਅਕਾਲੀ** ਦਲ ਦੇ ਅਨੇਕਾਂ ਆਗੂਆਂ ਨਾਲ ਵਾਹ-ਵਾਸਤਾ ਰਿਹਾ ,ਪਰ ਜੱਥੇਦਾਰ ਖੁੱਡੀਆ ਜਿਹਾ ਇਮਾਨਦਾਰ ,ਪੰਥਪ੍ਰਸਤ ,ਉੱਜਲ ਦਿਮਾਗ. ਅਤੇ ਹਰ ਦਿਲ ਅਜ਼ੀਜ਼ ਆਗੂ ਮੈ ਉਹਨਾਂ ਦੇ ਵਿਛੋੜੇ ਤੋਂ ਬਾਅਦ ਨਹੀ ਤੱਕਿਆ ।ਜੱਥੇਦਾਰ ਸਾਹਿਬ ਨਾਲ ਮੇਰੇ ਨਜ਼ਦੀਕੀ ਰਿਸ਼ਤੇ ਦੀ ਸ਼ੁਰੂਆਤ 1985 ਵਿੱਚ ਹੁੰਦੀ ਹੈ ,ਪਰ ਮੈਂ ਉਹਨਾਂ ਨੂੰ 1982-83 ਤੋਂ ਸੰਤ ਜਰਨੈਲ ਸਿੰਘ ਹੋਰਾਂ ਦੇ ਸਮਰਥਕ ਵਜੋਂ ਜਾਣਦਾ ਸੀ ।1937 ਵਿੱਚ ਖੁੱਡੀਆ ਗੁਲਾਬ ਸਿੰਘ ਨੇੜੇ ਲੰਬੀ ਵਿੱਚ ਪੈਦਾ ਹੋਏ ਜੱਥਦਾਰ ਜੀ ਨੇ ਖਾਲਸਾ ਕਾਲਜ ਅੰਮ੍ਰਿਤਸਰ ਸਾਹਿਬ ਤੋਂ ਬੀ.ਏ .ਪਾਸ ਕੀਤੀ ਸੀ ।ਪ੍ਰਕਾਸ਼ ਸਿੰਘ ਬਾਦਲ ਦੇ 1977 ਦੇ ਮੁੱਖ ਮੰਤਰੀ ਕਾਲ ਦੌਰਾਨ ਉਹ ਪੰਜਾਬ ਮੰਡੀਕਰਨ ਬੋਰਡ ਦੇ ਚੇਅਰਮੈਨ ਰਹੇ ਸਨ ।ਇਸ ਦੌਰਾਨ ਉਹਨਾਂ ਦੀ ਚੰਡੀਗੜ੍ਹ ਕੋਠੀ ਵਿੱਚ ਅਕਾਲੀ ਵਰਕਰਾਂ ਲਈ ਉਹਨਾਂ ਦੇ ਨਿੱਜੀ ਖਰਚੇ ਵਿੱਚੋ ਲੰਗਰ ਚਲਦਾ ਰਹਿੰਦਾ ਸੀ ।ਇਕ ਵਾਰ ਗੱਲਬਾਤ ਦੌਰਾਨ ਉਹਨਾਂ ਮੈਨੂੰ ਦੱਸਿਆ ਕਿ" ਅਮਰੀਕ ਚੈਅਰਮੈਨੀ ਦੌਰਾਨ ਆਪਣੀ ਰਾਜਸਥਾਨ ਵਾਲੀ ਜ਼ਮੀਨ ਵਿੱਕ ਗਈ ਸੀ" ।ਕਈ ਵਾਰ ਮੈਨੂੰ ਉਹਨਾਂ ਦੀ ਸਿਫਤ ਪ੍ਰਤੀ ਇਮਾਨਦਾਰ ਸ਼ਬਦ ਵੀ ਛੋਟਾ ਪ੍ਰਤੀਤ ਹੁੰਦਾ ਹੈ ।ਮੈ ਉਹਨਾਂ ਦਾ ਸਤਿਕਾਰ ਪਿਤਾ ਸਮਾਨ ਕਰਦਾ ਸੀ ,ਪਰ ਸਾਡਾ ਰਿਸ਼ਤਾ ਦੋਸਤਾਂ ਵਰਗਾ ਸੀ ।

ਉਹ ਲੋਕ ਸਭਾ ਮੈਬਰ ਬਨਣ ਤੋ ਬਾਅਦ ਕਰੀਬ ਡੇਢ ਮਹੀਨਾ ਬਾਅਦ ਸਾਨੂੰ ਵਿਛੋੜਾ ਦੇ ਗਏ ।ਲੋਕ ਸਭਾ ਚੋਣਾਂ ਦੌਰਾਨ ਮੈ ਫਿਰੋਜਪੁਰ ਜੇਲ ਵਿੱਚ ਨਜ਼ਰਬੰਦ ਸੀ ,ਮੈਬਰ ਪਾਰਲੀਮੈਂਟ ਬਨਣ ਤੋ ਬਾਅਦ ਉਹ ਮੇਰੀ ਮੁਲਾਕਾਤ ਕਰਨ ਜੇਲ ਗਏ ਸਨ ।ਪਰ ਬਦਕਿਸਮਤੀ ਵੱਸ ਉਸ ਦਿਨ ਮੈ ਕੋਰਟ ਵਿੱਚ ਪੇਸ਼ੀ ਲਈ ਗਿਆ ਹੋਣ ਕਰਕੇ ਉਹਨਾਂ ਨੂੰ ਮਿਲ ਨਾ ਸਕਿਆ ।ਉਹਨਾਂ ਦੋਸਤਾਂ ਨੂੰ ਮੇਰੀ ਜਮਾਨਤ ਦੀ ਤੁਰੰਤ ਚਾਰਾਜੋਈ ਕਰਨ ਲਈ ਕਿਹਾ ਸੀ ।ਮੇਰੀ ਰਿਹਾਈ ਤਾਂ ਹੋ ਗਈ ,ਪਰ ਮੈ ਉਹਨਾਂ ਨੂੰ ਮਿਲ ਨਾ ਸਕਿਆ ।ਜਿਸ ਦਿਨ ਉਹਨਾਂ ਦੀ ਗੁੰਮਸ਼ੁਦਗੀ ਦੀ ਖਬਰ ਆਈ , ਮੈਂ ਸ਼ਾਮ ਬਠਿੰਡੇ ਪਹੁੰਚਿਆ ਤਾਂ ਕਿ ਦੂਜੇ ਦਿਨ ਸਵੇਰੇ ਸਾਂਝਰੇ ਜਾ ਕੇ ਉਹਨਾਂ ਨੂੰ ਮਿਲ ਸਕਾ ।ਪਰ ਸ਼ਾਮ ਸੱਤ ਵਜੇ ਦੀਆਂ ਟੀ.ਵੀ ਖਬਰਾਂ ਉੱਤੇ ਉਹਨਾਂ ਦੀ ਗੁੰਮਸ਼ੁਦੀ ਅਤੇ ਨਹਿਰ ਕਿਨਾਰੇ ਉਹਨਾਂ ਦੀ ਪੱਗ ਅਤੇ ਜੁੱਤੀ ਮਿਲਣ ਦੀ ਖਬਰ ਸੁਣੀ ।ਅਖੀਰ ਉਹਨਾਂ ਦੀ ਲਾਸ਼ ਦੇਖਣੀ ਨਸੀਬ ਹੋਈ ।ਉਹਨਾਂ ਦੇ ਭੋਗ ਮੌਕੇ ਸਟੇਜ ਦਾ ਕੰਟਰੋਲ ਮੇਰੇ ਕੋਲ ਸੀ ,ਇਸ ਤਰ੍ਹਾਂ ਜਾਪਦਾ ਸੀ ਕਿ ਸਾਰੀ ਦੁਨੀਆ ਉੱਥੇ ਪਹੁੰਚ ਗਈ ਹੈ ।

ਪਿਛਲੀ ਪੋਸਟ ਵਿੱਚ ਵੀ ਆਪਾਂ ਜੱਥੇਦਾਰ ਖੁੱਡੀਆ ਦਾ ਜ਼ਿਕਰ ਕੀਤਾ ਸੀ ਕਿ ਉਹ ਮੇਰੇ ਪ੍ਰਤੀ ਫਿਕਰਮੰਦ ਸਨ ਕਿ ਪ੍ਰਕਾਸ਼ ਸਿੰਘ ਬਾਦਲ ਸਟੇਟ ਰਾਹੀਂ ਮੇਰੇ ਸਰੀਰਕ ਖਾਤਮੇ ਦੀ ਸ਼ਾਜਿਸ ਰਚ ਸਕਦਾ ਹੈ ।ਉਹ ਮੈਨੂੰ ਅਕਸਰ ਕਹਿੰਦੇ ਸਨ ਕਿ " ਇਹ ਬੁੱਗ (ਬਾਦਲ) ਜਿਹਨਾਂ ਦੇਖਣ ਵਿੱਚ ਭੋਲ਼ਾ ਜਾਪਦਾ ,ਉਹਨਾਂ ਹੀ ਦਿਲ ਦਾ ਖੋਟਾ,ਮਕਾਰ ਅਤੇ ਸ਼ਾਜਿਸੀ ਹੈ" ।ਜੱਥੇਦਾਰ ਖੁੱਡੀਆ ਨੇ ਇੱਕ ਵਾਰ ਮੈਨੂੰ ਦੱਸਿਆ ਕਿ ਬਾਦਲ ਨਾਲ ਇੱਕ ਮੁਲਾਕਾਤ ਦੌਰਾਨ ਬਾਦਲ ਨੇ ਜੱਥੇਦਾਰ ਜੀ ਨੂੰ ਕਿਹਾ ਕਿ ਮੈਂ ਤੁਹਾਡਾ ਬਹੁਤ ਸਤਿਕਾਰ ਕਰਦਾ ਹਾਂ ।ਬਾਦਲ ਦੇ ਜਵਾਬ ਵਿੱਚ ਜੱਥੇਦਾਰ ਖੁੱਡੀਆ ਨੇ ਉਸ ਨੂੰ ਕਿਹਾ "ਬਾਦਲ ਸਾਹਿਬ ਪਹਿਲਾਂ ਤਾਂ ਮੈਂ ਵੀ ਤੁਹਾਡਾ ਬਹੁਤ ਸਤਿਕਾਰ ਕਰਦਾ ਸੀ ,ਪਰ ਜਦੋਂ ਦਾ ਮੇਰਾ ਵਾਹ ਸੰਤ ਜਰਨੈਲ ਸਿੰਘ ਨਾਲ ਪਿਆ ,ਉਦੋਂ ਤੋਂ ਤੁਹਾਡਾ ਬਿਲਕੁੱਲ ਸਤਿਕਾਰ ਨਹੀ ਕਰਦਾ" ।ਇੱਕ ਵਾਰ ਮੈਨੂੰ ਕਹਿੰਦੇ ਅਮਰੀਕ ਮੈਨੂੰ ਥੋੜਾ ਆਰ.ਡੀ.ਐਕਸ ਲਿਆ ਦੇ ਮੈ ਬਾਦਲ ਨੂੰ ਜੱਫਾ ਪਾਕੇ ਇਸਦਾ ਕੰਮ ਤਮਾਮ ਕਰ ਦਿੰਦਾ ਹਾਂ ,ਨਹੀ ਤਾਂ ਬਾਦਲ ਨੇ ਕੌਮ ਦੀ ਰਾਜਨੀਤੀ ਦਾ ਭੋਗ ਪਾ ਦੇਣਾ ਹੈ ।ਮੈ ਕਿਹਾ ਜੱਥੇਦਾਰ ਜੀ ਅਸੀ ਗੰਦ ਸਾਫ ਕਰਨ ਲਈ ,ਕੌਮ ਦਾ ਹੀਰਾ ਨਹੀ ਗਵਾ ਸਕਦੇ ।ਪਰ ਮੈਨੂੰ ਕੀ ਪਤਾ ਸੀ ,ਇੱਕ ਦਿਨ ਇਹ ਹੀਰਾ ਸਾਡੇ ਹੱਥਾਂ ਵਿੱਚੋ ਰੇਤ ਵਾਂਗ ਫਿਸਲ ਜਾਵੇਗਾ।ਜੱਥੇਦਾਰ ਖੁੱਡੀਆ ਸੰਤਾਂ ਤੋ ਇਲਾਵਾ ਭਾਈ ਹਰਮਿੰਦਰ ਸਿੰਘ ਸੰਧੂ ਦਾ ਬਹੁਤ ਸਤਿਕਾਰ ਕਰਦੇ ਸਨ ,ਇੱਕ ਵਾਰ ਅੰਮ੍ਰਿਤਸਰ ਜੇਲ ਦੀ ਡਿਉਢੀ ਸਾਹਮਣੇ ਮੈਂ ਉਹਨਾਂ ਨੂੰ ਹੱਥ ਵਿੱਚ ਸੱਤ-ਅੱਠ ਕਿਤਾਬਾਂ ਚੱਕੀ ਖੜੇ ਵੇਖਿਆ ,ਮੇਰੇ ਪੁੱਛਣ ਤੇ ਦੱਸਿਆ ਕਿ ਸੰਧੂ ਨੂੰ ਦੇਣ ਚਲਿਆ ।ਜੱਥੇਦਾਰ ਖੁੱਡੀਆ ਨੂੰ ਕਿਤਾਬਾਂ ਪੜਨ ਦਾ ਬਹੁਤ ਸ਼ੌਕ ਸੀ ,ਅਕਸਰ ਉਹਨਾਂ ਦੇ ਹੱਥ ਵਿੱਚ ਅਖਬਾਰ ਅਤੇ ਕਿਤਾਬਾਂ ਹੁੰਦੀਆਂ ਸਨ ।ਮੈਨੂੰ ਨਹੀ ਪਤਾ ਗੁਰਮੀਤ ਅਤੇ ਹਰਮੀਤ (ਉਹਨਾਂ ਦੇ ਬੇਟੇ)ਨੇ ਉਹਨਾਂ ਦੀ ਲਾਇਬ੍ਰੇਰੀ ਨਾਲ ਕੀ ਕੀਤਾ ,ਪਰ ਉਹਨਾਂ ਕੋਲ ਯਾਦਗਰੀ ਪੁਸਤਕਾਂ ਦਾ ਭੰਡਾਰ ਸੀ ।ਬੱਸ ਵਿੱਚ ਸਫ਼ਰ ਕਰਨਾ ਅਤੇ ਰੇੜੀ ਉੱਤੇ ਖੜ ਕੇ ਖਾਣਾ ਉਹਨਾਂ ਦੀ ਸਾਦਗੀ ਦੇ ਗੁਣ ਸੀ ।ਚੰਡੀਗੜ੍ਹ ਹੋਣ ਦੌਰਾਨ ਉਹ ਅਕਸਰ ਰੇੜੀ ਮਾਰਕੀਟ ਵਿੱਚ ਖਾਣਾ ਖਾਂਦੇ ਦਿੱਖ ਜਾਂਦੇ ਸਨ ।ਉਹਨਾਂ ਦੀ ਸਾਦਗੀ ,ਇਮਾਨਦਾਰੀ ,ਦਲੇਰੀ ,ਹਾਜ਼ਰ ਜੁਵਾਬੀ ਅਤੇ ਪੰਥਪ੍ਰਸਤੀ ਦੇ ਅਨੇਕਾਂ ਕਿੱਸੇ ਉਹਨਾਂ ਦੇ ਜਾਣਕਾਰਾਂ ਦੀਆਂ ਯਾਦਾਂ ਵਿੱਚ ਵੱਸਦੇ ਹਨ। ਇਤਿਹਾਸ ਵਿੱਚ ਜੱਥੇਦਾਰ ਜੀ ਦਾ ਮਾਣਮੱਤਾ ਸਥਾਨ ਅਤੇ ਯਾਦ ਹਮੇਸ਼ਾ ਬਣੀ ਰਹੇਗੀ।



ਭਾਈ ਅਮਰੀਕ ਸਿੰਘ ਮੁਕਤਸਰ

### ਚੱਲ ਰਹੀ ਕੜਾਕੇ ਦੀ ਸੀਤ ਲਹਿਰ ਨੇ ਲੋਕਾਂ ਨੂੰ ਕਰਨ ਲਾਇਆ ਠੁਰ-ਠੁਰ

# ਲੋੜ ਤੋਂ ਬਿਨਾਂ ਘਰੋਂ ਬਾਹਰ ਨਾ ਨਿਕਲਣ, ਗਰਮ ਕੱਪੜੇ ਪਹਿਨਣ- ਰਵੀ ਕਾਂਤ ਗੁਪਤਾ





**ਤਲਵੰਡੀ ਸਾਬੋ, 04 ਜਨਵਰੀ (ਗੁਰਜੰਟ ਸਿੰਘ ਨਥੇਹਾ)**- ਇਲਾਕੇ ਵਿੱਚ ਪਿਛਲੇ ਕਈ ਦਿਨਾਂ ਤੋਂ ਚੱਲ ਰਹੀ ਕੜਾਕੇ ਦੀ ਸੀਤ ਲਹਿਰ ਨੇ ਆਮ ਜਨਜੀਵਨ ਨੂੰ ਪੂਰੀ ਤਰ੍ਹਾਂ ਠੱਪ ਕਰ ਦਿੱਤਾ ਹੈ। ਤਾਪਮਾਨ ਵਿੱਚ ਲਗਾਤਾਰ ਆ ਰਹੀ ਗਿਰਾਵਟ ਕਾਰਨ ਸਵੇਰ ਅਤੇ ਸ਼ਾਮ ਸਮੇਂ ਠੰਢ ਦਾ ਅਸਰ ਸਭ ਤੋਂ ਵੱਧ ਵੇਖਣ ਨੂੰ ਮਿਲ ਰਿਹਾ ਹੈ। ਲੋਕ ਅੱਗ ਸੇਕਦੇ, ਗਰਮ ਕੱਪੜਿਆਂ ਵਿੱਚ ਲਿਪਟੇ ਅਤੇ ਚਾਹ-ਕੌਫੀ ਦਾ ਸਹਾਰਾ ਲੈਂਦੇ ਨਜ਼ਰ ਆ ਰਹੇ ਹਨ। ਕਈ ਥਾਵਾਂ 'ਤੇ ਸੰਘਣੀ ਧੁੰਦ ਕਾਰਨ ਵਿਜਿਵਿਲਟੀ ਘੱਟ ਹੋਣ ਨਾਲ ਆਵਾਜਾਈ ਵੀ ਪ੍ਰਭਾਵਿਤ ਹੋ ਰਹੀ ਹੈ। ਕੜਾਕੇ ਦੀ ਠੰਢ ਨੂੰ ਦੇਖਦੇ ਹੋਏ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਕੂਲਾਂ ਵਿੱਚ ਛੁੱਟੀਆਂ ਦਾ ਐਲਾਨ ਕੀਤਾ ਹੋਇਆ ਹੈ ਜਿਸ ਕਾਰਨ ਬੱਚਿਆਂ ਅਤੇ ਮਾਪਿਆਂ ਨੂੰ ਵੱਡੀ ਰਾਹਤ ਮਿਲੀ ਹੈ। ਸਕੂਲਾਂ ਦੇ ਅਧਿਆਪਕਾਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੀ ਠੰਢ ਵਿੱਚ ਬੱਚਿਆਂ ਨੂੰ ਸਕੂਲ ਭੇਜਣਾ ਖ਼ਤਰੇ ਤੋਂ ਖਾਲੀ ਨਹੀਂ ਸੀ ਇਸ ਲਈ ਛੁੱਟੀਆਂ ਦਾ ਫ਼ੈਸਲਾ ਸਮੇਂ ਦੀ ਲੋੜ ਸੀ। ਪ੍ਰਿੰਸੀਪਲ ਲਖਵਿੰਦਰ ਸਿੰਘ ਸਿੱਧੂ ਦਾ ਕਹਿਣਾ ਹੈ ਕਿ ਸੀਤ ਲਹਿਰ ਦਾ ਅਸਰ ਸਿਰਫ਼ ਪੜ੍ਹਾਈ ਹੀ ਨਹੀਂ, ਸਗੋਂ ਰੋਜ਼ਾਨਾ ਜੀਵਨ 'ਤੇ ਵੀ ਪੈ ਰਿਹਾ ਹੈ। ਸਮਾਜ ਸੇਵੀ ਸੁਖਪਾਲ ਸਿੰਘ ਚਾਹਲ ਦਾ ਕਹਿਣਾ ਹੈ ਕਿ ਸਵੇਰ ਵੇਲੇ ਮਜ਼ਦੂਰੀ ਤੇ ਜਾਣ ਵਾਲੇ ਮਜ਼ਦੂਰ, ਖੇਤਾਂ ਵਿੱਚ ਕੰਮ ਕਰਨ ਵਾਲੇ ਕਿਸਾਨ ਅਤੇ ਦੁਕਾਨਦਾਰ ਠੰਢ ਨਾਲ ਸਭ ਤੋਂ ਵੱਧ ਪ੍ਰਭਾਵਿਤ ਹੋ ਰਹੇ ਹਨ। ਗਰੀਬ ਅਤੇ ਬੇਘਰ ਲੋਕਾਂ ਲਈ ਇਹ ਮੌਸਮ ਕਾਫ਼ੀ ਮੁਸ਼ਕਲ ਬਣ ਗਿਆ ਹੈ, ਜਿਸਨੂੰ ਦੇਖਦੇ ਹੋਏ ਸਮਾਜਿਕ ਸੰਸਥਾਵਾਂ ਵੱਲੋਂ ਕੰਬਲ ਅਤੇ ਗਰਮ ਕੱਪੜੇ ਵੰਡਣ ਦੀ ਮੰਗ ਵੀ ਉੱਠ ਰਹੀ ਹੈ। ਸ਼ਹੀਦ ਬਾਬਾ ਦੀਪ ਸਿੰਘ ਸਿਵਲ ਹਸਪਤਾਲ ਤਲਵੰਡੀ ਸਾਬੋ ਦੇ ਐੱਸ ਐਮ ਓ ਡਾਕਟਰ ਰਵੀ ਕਾਂਤ ਗੁਪਤਾ ਨੇ ਲੋਕਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਲੋੜ ਤੋਂ ਬਿਨਾਂ ਘਰੋਂ ਬਾਹਰ ਨਾ ਨਿਕਲਣ, ਗਰਮ ਕੱਪੜੇ ਪਹਿਨਣ, ਗਰਮ ਪਦਾਰਥਾਂ ਦੀ ਵਰਤੋਂ ਕਰਨ ਅਤੇ ਬੱਚਿਆਂ ਤੇ ਬੁਜ਼ੁਰਗਾਂ ਦਾ ਖ਼ਾਸ ਧਿਆਨ ਰੱਖਣ। ਠੰਢ ਕਾਰਨ ਖੰਘ, ਜ਼ੁਕਾਮ ਅਤੇ ਸਾਂਹ ਦੀਆਂ ਬਿਮਾਰੀਆਂ ਦੇ ਮਾਮਲੇ ਵੀ ਵਧ ਰਹੇ ਹਨ। ਮੌਸਮ ਵਿਭਾਗ ਅਨੁਸਾਰ ਆਉਣ ਵਾਲੇ ਕੁਝ ਦਿਨਾਂ ਤੱਕ ਸੀਤ ਲਹਿਰ ਜਾਰੀ ਰਹਿਣ ਦੀ ਸੰਭਾਵਨਾ ਹੈ ਅਤੇ ਤਾਪਮਾਨ ਵਿੱਚ ਹੋਰ ਕਮੀ ਆ ਸਕਦੀ ਹੈ। ਪ੍ਰਸ਼ਾਸਨ ਵੱਲੋਂ ਲੋਕਾਂ ਨੂੰ ਸਾਵਧਾਨ ਰਹਿਣ ਅਤੇ ਜ਼ਰੂਰੀ ਹਦਾਇਤਾਂ ਦੀ ਪਾਲਣਾ ਕਰਨ ਦੀ ਅਪੀਲ ਕੀਤੀ ਗਈ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਨਵੇਂ ਸਾਲ 'ਤੇ ਪੱਤਰਕਾਰਾਂ ਉੱਤੇ ਪਰਚੇ: ਕੀ ਪੰਜਾਬ ਵਿਚ ਸਵਾਲ ਪੁੱਛਣਾ ਹੁਣ ਜੁਰਮ ਬਣ ਗਿਆ ਹੈ ?



## ਨਵੇਂ ਸਾਲ ਦੀ ਸ਼ੁਰੂਆਤ ਅਤੇ ਪੱਤਰਕਾਰਾਂ ਉੱਤੇ ਪਰਚੇ: ਕੀ ਲੋਕਤੰਤਰ ਨੂੰ ਅਸਹਿਮਤੀ ਤੋਂ ਡਰ ਲੱਗਣ ਲੱਗ ਪਿਆ ਹੈ ?

ਨਵਾਂ ਸਾਲ ਆਮ ਤੌਰ 'ਤੇ ਸਮਾਜ ਵਿੱਚ ਨਵੀਂ ਸੋਚ, ਨਵੀਆਂ ਉਮੀਦਾਂ ਅਤੇ ਬਿਹਤਰ ਭਵਿੱਖ ਦੇ ਵਾਅਦਿਆਂ ਨਾਲ ਜੁੜਿਆ ਹੁੰਦਾ ਹੈ। ਲੋਕ ਇਹ ਆਸ ਕਰਦੇ ਹਨ ਕਿ ਨਵਾਂ ਸਾਲ ਪੁਰਾਣੀਆਂ ਗਲਤੀਆਂ ਤੋਂ ਸਿੱਖ ਕੇ ਅੱਗੇ ਵਧਣ ਦਾ ਮੌਕਾ ਦੇਵੇਗਾ। ਪਰ ਪੰਜਾਬ ਵਿੱਚ ਨਵੇਂ ਸਾਲ ਦੀ ਸ਼ੁਰੂਆਤ ਕੁਝ ਐਸੀਆਂ ਘਟਨਾਵਾਂ ਨਾਲ ਹੋਈ ਹੈ, ਜਿਨ੍ਹਾਂ ਨੇ ਲੋਕਤੰਤਰ ਦੇ ਬੁਨਿਆਦੀ ਮੂਲਿਆਂ ਬਾਰੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ। ਸਰਕਾਰ ਵੱਲੋਂ ਕੁਝ ਪੱਤਰਕਾਰਾਂ ਖ਼ਿਲਾਫ਼ ਦਰਜ ਕੀਤੇ ਗਏ ਪਰਚਿਆਂ ਨੇ ਸਿਰਫ਼ ਪ੍ਰੈਸ ਜਗਤ ਨੂੰ ਹੀ ਨਹੀਂ, ਸਗੋਂ ਆਮ ਨਾਗਰਿਕ ਨੂੰ ਵੀ ਸੋਚਣ 'ਤੇ ਮਜਬੂਰ ਕਰ ਦਿੱਤਾ ਹੈ।ਪੱਤਰਕਾਰਤਾ ਕਿਸੇ ਸਰਕਾਰ ਜਾਂ ਸੱਤਾ ਦੇ ਵਿਰੁੱਧ ਖੜ੍ਹਨ ਦੀ ਪ੍ਰਕਿਰਿਆ ਨਹੀਂ, ਸਗੋਂ ਲੋਕਾਂ ਅਤੇ ਪ੍ਰਸ਼ਾਸਨ ਦਰਮਿਆਨ ਇੱਕ ਪੁਲ ਹੈ। ਪੱਤਰਕਾਰਾਂ ਦਾ ਕੰਮ ਤੱਥਾਂ ਦੇ ਆਧਾਰ 'ਤੇ ਸਵਾਲ ਪੁੱਛਣਾ, ਲੋਕਾਂ ਦੀਆਂ ਸਮੱਸਿਆਵਾਂ ਨੂੰ ਉਭਾਰਨਾ ਅਤੇ ਜਵਾਬਦੇਹੀ ਤੈਅ ਕਰਨਾ ਹੁੰਦਾ ਹੈ। ਜਦੋਂ ਇਸ ਪ੍ਰਕਿਰਿਆ ਨੂੰ ਕਾਨੂੰਨੀ ਕਾਰਵਾਈਆਂ ਰਾਹੀਂ ਰੋਕਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਤਾਂ ਇਹ ਸਵਾਲ ਖੜ੍ਹਾ ਹੋਣਾ ਸਵਭਾਵਿਕ ਹੈ ਕਿ ਕੀ ਅਸਹਿਮਤੀ ਨੂੰ ਅਪਰਾਧ ਮੰਨਿਆ ਜਾਣ ਲੱਗ ਪਿਆ ਹੈ ?

ਇਹ ਗੱਲ ਸਿਧਾਂਤਕ ਤੌਰ 'ਤੇ ਸਹੀ ਹੈ ਕਿ ਕਾਨੂੰਨ ਸਭ ਲਈ ਬਰਾਬਰ ਹੁੰਦਾ ਹੈ ਅਤੇ ਪੱਤਰਕਾਰ ਵੀ ਕਾਨੂੰਨ ਤੋਂ ਉੱਪਰ ਨਹੀਂ। ਪਰ ਇਸਦੇ ਨਾਲ ਹੀ ਇਹ ਵੀ ਉਤਨਾ ਹੀ ਸੱਚ ਹੈ ਕਿ ਕਾਨੂੰਨ ਦੀ ਵਰਤੋਂ ਦਾ ਮਕਸਦ ਨਿਆਂ ਹੋਣਾ ਚਾਹੀਦਾ ਹੈ, ਨਾ ਕਿ ਡਰ ਪੈਦਾ ਕਰਨਾ। ਜਦੋਂ ਰਿਪੋਰਟਿੰਗ, ਸਵਾਲ ਜਾਂ ਆਲੋਚਨਾ ਦੇ ਤੁਰੰਤ ਬਾਅਦ ਪਰਚੇ ਦਰਜ ਹੋਣ, ਤਾਂ ਲੋਕਾਂ ਦੇ ਮਨ ਵਿੱਚ ਇਹ ਸੰਦੇਹ ਪੈਦਾ ਹੁੰਦਾ ਹੈ ਕਿ ਕਿਤੇ ਇਹ ਕਦਮ ਪ੍ਰੈਸ ਨੂੰ ਸਾਵਧਾਨ ਜਾਂ ਖਾਮੋਸ਼ ਕਰਨ ਦੀ ਕੋਸ਼ਿਸ਼ ਤਾਂ ਨਹੀਂ।

ਪੰਜਾਬ ਦੀ ਪੱਤਰਕਾਰਤਾ ਦੀ ਲੰਮੀ ਅਤੇ ਇਜ਼ਤਦਾਰ ਰਿਵਾਇਤ ਰਹੀ ਹੈ। ਇੱਥੋਂ ਦੇ ਪੱਤਰਕਾਰਾਂ ਨੇ ਸਮੇਂ-ਸਮੇਂ 'ਤੇ ਸਮਾਜਕ ਬੁਰਾਈਆਂ, ਨਸ਼ਿਆਂ ਦੀ ਸਮੱਸਿਆ, ਭ੍ਰਿਸ਼ਟਾਚਾਰ, ਪ੍ਰਸ਼ਾਸਕੀ ਖਾਮੀਆਂ ਅਤੇ ਲੋਕਹਿਤ ਦੇ ਮੁੱਦਿਆਂ ਨੂੰ ਬੇਬਾਕੀ ਨਾਲ ਉਭਾਰਿਆ ਹੈ। ਇਹੀ ਕਾਰਨ ਹੈ ਕਿ ਪੰਜਾਬ ਦੀ ਪੱਤਰਕਾਰਤਾ ਨੂੰ ਹਮੇਸ਼ਾ ਲੋਕਾਂ ਦੀ ਆਵਾਜ਼ ਮੰਨਿਆ ਗਿਆ। ਅਜਿਹੀ ਪਿੱਠ ਭੂਮੀ ਵਿੱਚ ਜੇਕਰ ਪੱਤਰਕਾਰਾਂ 'ਤੇ ਕਾਨੂੰਨੀ ਕਾਰਵਾਈ ਦੀ ਖ਼ਬਰ ਸਾਹਮਣੇ ਆਉਂਦੀ ਹੈ, ਤਾਂ ਇਹ ਸਿਰਫ਼ ਇੱਕ ਵਰਗ ਦੀ ਨਹੀਂ, ਸਗੋਂ ਪੂਰੇ ਲੋਕਤੰਤਰ ਦੀ ਚਿੰਤਾ ਬਣ ਜਾਂਦੀ ਹੈ। ਲੋਕਤੰਤਰ ਵਿੱਚ ਸਰਕਾਰ ਅਤੇ ਪ੍ਰੈਸ ਦੇ ਰਿਸ਼ਤੇ ਸਹਿਯੋਗ ਅਤੇ ਸੰਵਾਦ 'ਤੇ ਆਧਾਰਿਤ ਹੁੰਦੇ ਹਨ, ਨਾ ਕਿ ਟਕਰਾਅ 'ਤੇ। ਆਲੋਚਨਾ ਨੂੰ ਸਹਿਣਾ ਅਤੇ ਉਸਦਾ ਤਰਕਸੰਗਤ ਜਵਾਬ ਦੇਣਾ ਇੱਕ ਮਜ਼ਬੂਤ ਲੋਕਤੰਤਰ ਦੀ ਨਿਸ਼ਾਨੀ ਹੁੰਦੀ ਹੈ। ਜਿਹੜੀਆਂ ਸਰਕਾਰਾਂ ਸਵਾਲਾਂ ਤੋਂ ਘਬਰਾਉਣ ਲੱਗ ਪੈਂਦੀਆਂ ਹਨ, ਉਹ ਅਣਜਾਣੇ ਵਿੱਚ ਲੋਕਾਂ ਦਾ ਭਰੋਸਾ ਗੁਆ ਬੈਠਦੀਆਂ ਹਨ। ਪ੍ਰੈਸ ਨੂੰ ਦਬਾਉਣ ਨਾਲ ਸਮੱਸਿਆਵਾਂ ਹੱਲ ਨਹੀਂ ਹੁੰਦੀਆਂ, ਸਗੋਂ ਹੋਰ ਗਹਿਰੀਆਂ ਹੋ ਜਾਂਦੀਆਂ ਹਨ। ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਪ੍ਰੈਸ ਦੀ ਆਜ਼ਾਦੀ ਸਿਰਫ਼ ਪੱਤਰਕਾਰਾਂ ਦਾ ਅਧਿਕਾਰ ਨਹੀਂ, ਸਗੋਂ ਆਮ ਨਾਗਰਿਕ ਦਾ ਹੱਕ ਹੈ। ਪੱਤਰਕਾਰਾਂ ਰਾਹੀਂ ਹੀ ਲੋਕਾਂ ਨੂੰ ਸੱਚੀ ਜਾਣਕਾਰੀ ਮਿਲਦੀ ਹੈ ਅਤੇ ਪ੍ਰਸ਼ਾਸਨਿਕ ਫੈਸਲਿਆਂ ਦੀ ਸਮਝ ਬਣਦੀ ਹੈ। ਜੇਕਰ ਪੱਤਰਕਾਰ ਡਰ ਦੇ ਮਾਹੌਲ ਵਿੱਚ ਕੰਮ ਕਰਨ ਲੱਗ ਪੈਣ, ਤਾਂ ਸਭ ਤੋਂ ਵੱਡਾ ਨੁਕਸਾਨ ਆਮ ਆਦਮੀ ਨੂੰ ਹੁੰਦਾ ਹੈ। ਨਵੇਂ ਸਾਲ ਦੇ ਮੌਕੇ ਲੋਕ ਇਹ ਉਮੀਦ ਕਰ ਰਹੇ ਸਨ ਕਿ ਸਰਕਾਰ ਵਿਕਾਸ, ਰੋਜ਼ਗਾਰ, ਕਾਨੂੰਨ ਵਿਵਸਥਾ ਅਤੇ ਲੋਕ-ਕਲਿਆਣ ਵੱਲ ਧਿਆਨ ਦੇਵੇਗੀ। ਪਰ ਪੱਤਰਕਾਰਾਂ 'ਤੇ ਪਰਚਿਆਂ ਦੀ ਚਰਚਾ ਨੇ ਇਹ ਸੰਦੇਸ਼ ਦਿੱਤਾ ਹੈ ਕਿ ਸਵਾਲ ਪੁੱਛਣਾ ਅਸੁਵਿਧਾਜਨਕ ਹੋ ਸਕਦਾ ਹੈ। ਇਹ ਸੰਦੇਸ਼ ਨਾ ਤਾਂ ਸਿਹਤਮੰਦ ਲੋਕਤੰਤਰ ਲਈ ਠੀਕ ਹੈ ਅਤੇ ਨਾ ਹੀ ਪ੍ਰਸ਼ਾਸਨ ਲਈ ਲਾਭਦਾਇਕ। ਇਸ ਪੂਰੇ ਮਾਮਲੇ ਵਿੱਚ ਸਭ ਤੋਂ ਜ਼ਰੂਰੀ ਗੱਲ ਇਹ ਹੈ ਕਿ ਸਰਕਾਰ ਸਪੱਸ਼ਟਤਾ ਅਤੇ ਸੰਤੁਲਨ ਦਾ ਰਾਹ ਅਪਣਾਏ। ਜੇਕਰ ਕਿਸੇ ਮਾਮਲੇ ਵਿੱਚ ਕਾਨੂੰਨੀ ਉਲੰਘਣਾ ਹੋਈ ਹੈ, ਤਾਂ ਉਸਦੀ ਨਿਰਪੱਖ ਅਤੇ ਪਾਰਦਰਸ਼ੀ ਜਾਂਚ ਹੋਣੀ ਚਾਹੀਦੀ ਹੈ। ਪਰ ਇਕੋ ਸਮੇਂ ਇਹ ਵੀ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਪ੍ਰੈਸ ਦੀ ਆਜ਼ਾਦੀ ਅਤੇ ਅਭਿਵਿਅਕਤੀ ਦੇ ਅਧਿਕਾਰ 'ਤੇ ਕੋਈ ਅਣਚਾਹਾ ਪ੍ਰਭਾਵ ਨਾ ਪਏ। ਅੰਤ ਵਿੱਚ ਇਹ ਕਹਿਣਾ ਉਚਿਤ ਹੋਵੇਗਾ ਕਿ ਲੋਕਤੰਤਰ ਦੀ ਮਜ਼ਬੂਤੀ ਸਰਕਾਰ, ਪ੍ਰਸ਼ਾਸਨ ਅਤੇ ਪ੍ਰੈਸ ਤਿੰਨਾਂ ਦੀ ਸਾਂਝੀ ਜ਼ਿੰਮੇਵਾਰੀ ਹੈ। ਪੱਤਰਕਾਰਾਂ ਨੂੰ ਵਿਰੋਧੀ ਨਹੀਂ, ਸਗੋਂ ਸੰਰਚਨਾਤਮਕ ਸਹਿਯੋਗੀ ਵਜੋਂ ਦੇਖਣ ਦੀ ਲੋੜ ਹੈ। ਨਵੇਂ ਸਾਲ ਦੀ ਅਸਲ ਰੂਹ ਤਦ ਹੀ ਕਾਇਮ ਰਹੇਗੀ, ਜਦੋਂ ਅਸਹਿਮਤੀ ਨੂੰ ਦਬਾਉਣ ਦੀ ਥਾਂ ਉਸ ਨਾਲ ਸੰਵਾਦ ਕੀਤਾ ਜਾਵੇਗਾ।

ਪੰਜਾਬ ਨੂੰ ਖਾਮੋਸ਼ੀ ਨਹੀਂ, ਸਚੇਤ ਤੇ ਜ਼ਿੰਮੇਵਾਰ ਆਵਾਜ਼ਾਂ ਦੀ ਲੋੜ ਹੈ।

**-ਖੁਸ਼ਦੀਪ ਸਿੰਘ ਗਿੱਲ ਸਹਾਇਕ ਪ੍ਰੋਫੈਸਰ,**
**ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ, ਬਠਿੰਡਾ। ਮੋਬਾ: 94175-80453**

ਨਿਆਇਕ ਪ੍ਰਕਰੀਆ ਨੂੰ ਪ੍ਰਣਾਲੀਗਤ ਸਵਾਲ, ਬਲਾਤਕਾਰ ਅਤੇ ਕਤਲ ਦੇ ਦੋਸ਼ੀ ਰਾਮ ਰਹੀਮ ਨੂੰ ਇੰਨੀ ਵਾਰ ਪੈਰੋਲ ਕਿਵੇਂ ਮਿਲ ਰਹੀ ਹੈ: ਪਰਮਜੀਤ ਸਿੰਘ ਵੀਰਜੀ

## ਰਾਮ ਰਹੀਮ ਨੂੰ ਵਾਰ ਵਾਰ ਪੈਰੋਲ ਦੇਣ ਦਾ ਮਤਲਬ ਦੇਸ਼ ਅੰਦਰ ਦੋ ਕਾਨੂੰਨ, ਬਲਾਤਕਾਰੀਆਂ ਲਈ ਵੱਖਰਾ ਤੇ ਬੰਦੀ ਸਿੰਘਾਂ ਲਈ ਵੱਖਰਾ



**ਨਵੀਂ ਦਿੱਲੀ 4 ਜਨਵਰੀ (ਮਨਪ੍ਰੀਤ ਸਿੰਘ ਖਾਲਸਾ)**:-ਕਤਲ ਅਤੇ ਜਬਰਜਿਨਾਹ ਦੇ ਗੰਭੀਰ ਦੋਸ਼ਾਂ ਵਿਚ ਉਮਰ ਕੈਦ ਦੀ ਸਜ਼ਾ ਯਾਫਤਾ ਗੁਰਮੀਤ ਰਾਮ ਰਹੀਮ ਨੂੰ ਇੱਕ ਵਾਰ ਫਿਰ 40 ਦਿਨਾਂ ਲਈ ਪੈਰੋਲ ਦੇ ਦਿੱਤੀ ਗਈ ਹੈ। ਜਦੋ ਕਿ ਇਸ ਤੋਂ ਪਹਿਲਾਂ ਉਸਨੂੰ ਅਗਸਤ 2025 ਵਿੱਚ ਪੈਰੋਲ ਦਿੱਤੀ ਗਈ ਸੀ। ਹੁਣ ਤਕ ਗੁਰਮੀਤ ਰਾਮ ਰਹੀਮ ਨੂੰ ਕੁੱਲ 15 ਵਾਰ ਪੈਰੋਲ ਦਿੱਤੀ ਗਈ ਹੈ, ਜਿਸਦਾ ਅਰਥ ਹੈ ਕਿ ਜੇਲ੍ਹ ਤੋਂ ਬਾਹਰ 406 ਦਿਨ, ਯਾਨੀ ਇੱਕ ਸਾਲ ਤੋਂ ਵੱਧ। ਗੁਰੂਬਾਣੀ ਰਿਸਰਚ ਫਾਉਂਡੇਸ਼ਨ ਦੇ ਮੁੱਖੀ ਅਤੇ ਦਿੱਲੀ ਕਮੇਟੀ ਦੀ ਧਰਮ ਪ੍ਰਚਾਰ ਵਿੰਗ ਦੇ ਸਾਬਕਾ ਕੋ ਚੇਅਰਮੈਨ ਸਰਦਾਰ ਪਰਮਜੀਤ ਸਿੰਘ ਵੀਰ ਜੀ ਨੇ ਉਪਰੋਕਤ ਸ਼ਬਦਾਂ ਦਾ ਜਿਕਰ ਕਰਦਿਆਂ ਕਿਹਾ ਇਹ ਕੋਈ ਭਾਵਨਾਤਮਕ ਸਵਾਲ ਨਹੀਂ ਹੈ, ਸਗੋਂ ਨਿਆਇਕ ਪ੍ਰਕਰੀਆ ਨੂੰ ਸਾਡਾ ਇੱਕ *ਪ੍ਰਣਾਲੀਗਤ ਸਵਾਲ ਹੈ ਕਿ ਬਲਾਤਕਾਰ ਅਤੇ ਕਤਲ ਦੇ ਦੋਸ਼ੀ ਕੈਦੀ ਨੂੰ ਇੰਨੀ ਵਾਰ ਪੈਰੋਲ ਕਿਵੇਂ ਮਿਲ ਰਹੀ ਹੈ ?* ਕੀ ਪੈਰੋਲ ਦਾ ਉਦੇਸ਼ ਸੁਧਾਰਾਤਮਕ ਹੈ, ਜਾਂ ਕੀ ਖਾਸ ਮਾਮਲਿਆਂ ਵਿੱਚ ਨਿਯਮ ਵੱਖਰੇ ਹਨ ? ਉਨ੍ਹਾਂ ਕਿਹਾ ਕੀ ਇਹ ਵਿਸ਼ੇਸ਼ ਅਧਿਕਾਰ ਉਮਰ ਕੈਦ ਦੀ ਸਜ਼ਾ ਪ੍ਰਾਪਤ ਹਰੇਕ ਕੈਦੀ ਨੂੰ ਉਪਲਬਧ ਹੈ ? ਜ਼ੇਕਰ ਹਾਂ ਤਾਂ ਬੰਦੀ ਸਿੰਘਾਂ ਨੂੰ ਪੈਰੋਲ ਕਿਉਂ ਨਹੀਂ ਮਿਲਦੀ ਹੈ ਜ਼ੇਕਰ ਨਹੀਂ ਤਾਂ ਇਸ ਦਾ ਮਤਲਬ ਦੇਸ਼ ਅੰਦਰ ਦੋ ਕਾਨੂੰਨ ਲਾਗੂ ਹਨ ਜਿਸ ਵਿਚ ਇਕ ਕਾਨੂੰਨ ਤਹਿਤ ਗੁਰਮੀਤ ਰਾਮ ਰਹੀਮ ਵਰਗੇ ਬਲਾਤਕਾਰੀ ਨੂੰ ਵਾਰ ਵਾਰ ਪੈਰੋਲ ਦਿੱਤੀ ਜਾ ਰਹੀ ਹੈ ਤੇ ਦੂਜੇ ਕਾਨੂੰਨ ਤਹਿਤ ਬੰਦੀ ਸਿੰਘਾਂ ਨੂੰ ਨਹੀਂ । ਉਨ੍ਹਾਂ ਕਿਹਾ ਕਿ ਬੰਦੀ ਸਿੰਘਾਂ ਨੂੰ ਸਜ਼ਾ ਪੂਰੀ ਹੋਣ ਤੋਂ ਬਾਅਦ ਵੀ ਨਹੀਂ ਛੱਡਿਆ ਜਾ ਰਿਹਾ ਹੈ। ਪਰ, ਇੱਕ ਵਿਅਕਤੀ ਜਿਸ ਨੇ ਇੰਨਾ ਵੱਡਾ ਗੁਨਾਹ ਕੀਤਾ ਹੈ, ਉਸ ਨੂੰ ਵਾਰ-ਵਾਰ ਪੈਰੋਲ ਦਿੱਤੀ ਜਾ ਰਹੀ ਹੈ। ਇਸ ਦਾ ਮਤਲਬ ਉਹ ਅੰਦਰ ਵੀ ਪੈਰੋਲ ਕੱਟ ਰਿਹਾ ਤੇ ਬਾਹਰ ਵੀ। ਸਰਕਾਰ ਨੂੰ ਸ਼ਰਮ ਆਣੀ ਚਾਹੀਦੀ ਹੈ ਕਿਉਕਿ ਇੰਝ ਲੱਗਦਾ ਹੈ ਕਿ ਰਾਮ ਰਹੀਮ ਲਈ ਕਾਨੂੰਨ ਹੀ ਵੱਖਰਾ ਬਣਿਆ ਹੋਇਆ ਹੈ। ਉਨ੍ਹਾਂ ਕਿਹਾ ਅਸੀਂ ਬੰਦੀ ਸਿੰਘਾਂ ਦੀ ਤੁਲਨਾ ਇਸ ਕਾਤਿਲ ਅਤੇ ਬਲਾਤਕਾਰੀ ਦੇ ਨਾਲ ਨਹੀ ਕਰਦੇ ਹਾਂ, ਪਰ, ਦੇਸ਼ ਅੰਦਰ ਕਾਨੂੰਨ ਸਾਰਿਆਂ ਲਈ ਇੱਕ ਹੋਣਾ ਚਾਹੀਦਾ ਹੈ।

### ਕੋਹਲੀ ਦੀ ਸ਼ਰੇਆਮ ਵਕਾਲਤ ਨੇ

# ਸਿੱਖ ਹਿਰਦਿਆਂ ਨੂੰ ਪਹੁੰਚਾਈ ਗਹਿਰੀ ਚੋਟ : ਪ੍ਰੋ. ਸਰਚਾਂਦ ਸਿੰਘ ਖਿਆਲਾ



**ਅੰਮ੍ਰਿਤਸਰ, 4 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਸਿੱਖ ਚਿੰਤਕ ਤੇ ਪੰਜਾਬ ਭਾਜਪਾ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ ਇਹ ਵਧੇਰੇ ਹੈਰਾਨੀਜਨਕ ਅਤੇ ਸ਼ਰਮਨਾਕ ਗੱਲ ਇਹ ਹੈ ਕਿ 328 ਪਾਵਨ ਸਰੂਪਾਂ ਦੇ ਮਾਮਲੇ ਵਿੱਚ ਗ੍ਰਿਫ਼ਤਾਰ ਕੀਤੇ ਗਏ ਸਤਿੰਦਰ ਸਿੰਘ ਕੋਹਲੀ ਨੂੰ ਸੁਖਬੀਰ ਸਿੰਘ ਬਾਦਲ ਦਾ ਖ਼ਾਸਮਖ਼ਾਸ ਹੋਣ ਕਰਕੇ ਹੀ ਬਾਦਲ ਲੀਡਰਸ਼ਿਪ ਨਾ ਕੇਵਲ ਕਲਪ ਰਹੀ ਹੈ ਸਗੋਂ ਉਸ ਨੂੰ ਬਚਾਉਣ ਲਈ ਹਰ ਹਰਬਾ ਵਰਤ ਰਹੀ ਹੈ। ਕੋਹਲੀ ਦੀ ਖੁੱਲ੍ਹੇਆਮ ਵਕਾਲਤ ਲਈ ਹਰ ਲਕਸ਼ਮਣ ਰੇਖਾ ਲੰਘ ਕੇ ਕਾਨੂੰਨੀ ਪ੍ਰਕਿਰਿਆ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਨਾਲ ਸਿੱਖ ਹਿਰਦੇ ਨੂੰ ਗਹਿਰੀ ਸੱਟ ਮਾਰਨ ਦਾ ਗੁਨਾਹ ਵੀ ਇਹ ਲੋਕ ਸੁਚੇਤ ਰੂਪ 'ਚ ਕਰ ਰਹੇ ਹਨ। ਸੰਗਤ ਜਵਾਬ ਚਾਹੁੰਦੀ ਹੈ।

ਪ੍ਰੋ. ਖਿਆਲਾ ਨੇ ਕਿਹਾ ਕਿ 2020 ਵਿੱਚ ਈਸ਼ਰ ਸਿੰਘ ਕਮੇਟੀ ਵੱਲੋਂ ਜਾਰੀ ਪੜਤਾਲੀ ਰਿਪੋਰਟ ਵਿੱਚ 328 ਪਾਵਨ ਸਰੂਪਾਂ ਦੇ ਘੱਟ ਪਾਏ ਜਾਣ ਦੀ ਗੱਲ ਸਾਹਮਣੇ ਆਉਣ ਤੋਂ ਬਾਅਦ ਇਹ ਸ਼੍ਰੋਮਣੀ ਕਮੇਟੀ ਦੀ ਸਿੱਧੀ ਜ਼ਿੰਮੇਵਾਰੀ ਬਣਦੀ ਸੀ ਕਿ ਉਹ ਇਹ ਪਤਾ ਲਗਾਏ ਕਿ ਇਹ ਪਾਵਨ ਸਰੂਪ ਕਿੱਥੇ ਗਏ ਅਤੇ ਸੁਭਾਇਮਾਨ ਹਨ ? ਪਰ ਪੰਜ ਸਾਲ ਤੋਂ ਵੱਧ ਸਮਾਂ ਬੀਤ ਚੁਕਾ ਹੈ, ਫਿਰ ਵੀ ਸ਼੍ਰੋਮਣੀ ਕਮੇਟੀ ਨਾ ਤਾਂ ਇਹ ਪਤਾ ਲਗਾ ਸਕੀ ਹੈ ਅਤੇ ਨਾ ਹੀ ਇਸ ਦਿਸ਼ਾ ਵਿੱਚ ਕੋਈ ਗੰਭੀਰ ਯਤਨ ਦੀ ਕੋਸ਼ਿਸ਼ ਕੀਤੀ ਗਈ। ਉਨ੍ਹਾਂ ਕਿਹਾ ਕਿ ਹਾਲ ਹੀ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨ ਵੱਲੋਂ ਸ਼੍ਰੋਮਣੀ ਕਮੇਟੀ ਨੂੰ ਪ੍ਰਚਾਰਕਾਂ ਅਤੇ ਇਸ਼ਿਤਹਾਰਾਂ ਰਾਹੀਂ ਲਾਪਤਾ ਪਾਵਨ ਸਰੂਪਾਂ ਦੀ ਭਾਲ ਕਰਨ ਲਈ ਦਿੱਤਾ ਗਿਆ ਆਦੇਸ਼ ਇਸ ਗੱਲ ਦਾ ਪੁਖ਼ਤਾ ਸਬੂਤ ਹੈ ਕਿ ਨਾ ਤਾਂ ਸ਼੍ਰੋਮਣੀ ਕਮੇਟੀ ਅਤੇ ਨਾ ਹੀ ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਕੋਲ ਇਸ ਮਾਮਲੇ ਸੰਬੰਧੀ ਕੋਈ ਠੋਸ ਜਾਣਕਾਰੀ ਮੌਜੂਦ ਹੈ। ਇਹ ਸਥਿਤੀ ਸ਼੍ਰੋਮਣੀ ਕਮੇਟੀ ਦੀ ਪੂਰਨ ਅਸਫਲਤਾ ਅਤੇ ਗੈਰ-ਜ਼ਿੰਮੇਵਾਰਾਨਾ ਰਵੱਈਏ ਨੂੰ ਬੇਨਕਾਬ ਕਰਦੀ ਹੈ।

ਚਵਰ ਤਖ਼ਤ ਦੇ ਮਾਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਤੀ ਇਸ ਤਰਾਂ ਦੀ ਗੈਰ-ਸੰਜੀਦਗੀ ਅਤੇ ਲਾਪਰਵਾਹੀ ਸ਼੍ਰੋਮਣੀ ਕਮੇਟੀ ਅਤੇ ਬਾਦਲ ਲੀਡਰਸ਼ਿਪ ਦੀ ਆਪਣੇ ਪੰਥਕ ਸਰੋਕਾਰਾਂ ਤੋਂ ਪੂਰੀ ਤਰ੍ਹਾਂ ਭਟਕ ਚੁੱਕੀ ਹੋਣ 'ਤੇ ਪੱਕੀ ਮੋਹਰ ਲਗਾਉਂਦੀ ਹੈ। ਆਪਣੀ ਸਫ਼ਾਈ ਅਤੇ ਬਚਾਅ ਲਈ ਭਾਵੇਂ ਇਹ ਲੋਕ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਵੀ ਢਾਲ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਹਕੀਕਤ ਇਹ ਹੈ ਕਿ ਉਹ ਸਿੱਖ ਸੰਗਤ ਵਿੱਚ ਆਪਣਾ ਭਰੋਸਾ, ਨੈਤਿਕ ਅਧਿਕਾਰ ਅਤੇ ਵੱਕਾਰ ਗੁਆ ਚੁੱਕੇ ਹਨ। ਪ੍ਰੋ. ਸਰਚਾਂਦ ਸਿੰਘ ਨੇ ਕਿਹਾ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਪਣੇ ਅਖ਼ਿਤਆਰਾਂ ਬਾਰੇ ਦਾ ਤਾਂ ਪੂਰਾ ਪਤਾ ਹੈ, ਪਰ ਕੀ ਆਪਣੇ ਫ਼ਰਜ਼ਾਂ ਅਤੇ ਜ਼ਿੰਮੇਵਾਰੀਆਂ ਬਾਰੇ ਜਾਣ ਬੁੱਝ ਕੇ ਬੇਸ਼ਰਮੀ ਨਾਲ ਕੀਤੀ ਜਾ ਰਹੀ ਕੁਤਾਹੀ ਦਾ ਬੋਧ ਨਹੀਂ ? ਉਨ੍ਹਾਂ ਕਿਹਾ ਕਿ ਸਿੱਖ ਗੁਰਦੁਆਰਾ ਐਕਟ 1925 ਰਾਹੀਂ ਸ਼੍ਰੋਮਣੀ ਕਮੇਟੀ ਨੂੰ ਮਿਲੇ ਅਧਿਕਾਰਾਂ ਦੀ ਗੱਲ ਤਾਂ ਬਾਰ-ਬਾਰ ਕੀਤੀ ਜਾਂਦੀ ਹੈ, ਪਰ ਕੀ ਇਹ ਵੀ ਯਾਦ ਹੈ ਕਿ ਇਸ ਐਕਟ ਅਧੀਨ ਕਮੇਟੀ ਉੱਤੇ ਫ਼ਰਜ਼ ਵੀ ਲਾਗੂ ਹੁੰਦੇ ਹਨ ? ਗੁਰਦੁਆਰਾ ਐਕਟ ਦੀ ਧਾਰਾ 142 ਸਿੱਖ ਗੁਰਦੁਆਰਾ ਜੁਡੀਸ਼ਲ ਕਮਿਸ਼ਨਰ ਦੀ ਤਾਕਤ ਬਾਰੇ ਹੈ ਜਿੱਥੇ ਸ਼੍ਰੋਮਣੀ ਕਮੇਟੀ, ਪ੍ਰਧਾਨ ਤੇ ਮੈਂਬਰਾਂ ਸਮੇਤ ਕਰਮਚਾਰੀਆਂ ਵੱਲੋਂ ਕੀਤੀ ਗਈ ਕਿਸੇ ਵੀ ਕੁਤਾਹੀ, ਪ੍ਰਬੰਧਕੀ ਅਣਗਹਿਲੀ ਜਾਂ ਆਰਥਿਕ ਗੜਬੜ ਸੰਬੰਧੀ ਵਿਭਾਗੀ ਕਾਰਵਾਈ ਖ਼ਿਲਾਫ਼ ਸੁਣਵਾਈ ਦਾ ਹੱਕ ਕਮਿਸ਼ਨ ਕੋਲ ਹੋਣਾ ਦਰਸਾਇਆ ਗਿਆ ਹੈ, ਜਿਸ ਦਾ ਅਗਲਾ ਪੜਾਅ ਹਾਈ ਕੋਰਟ ਹੈ। ਇਸ ਲਈ ਧਾਰਾ 142 ਸਾਫ਼ ਕਰਦੀ ਹੈ ਕਿ ਸ਼੍ਰੋਮਣੀ ਕਮੇਟੀ ਕਾਨੂੰਨ ਤੋਂ ਉੱਪਰ ਨਹੀਂ ਅਤੇ ਕਿਸੇ ਵੀ ਕਿਸਮ ਦੀ ਕੁਤਾਹੀ, ਲਾਪਰਵਾਹੀ ਜਾਂ ਭਰੋਸਾ-ਭੰਗ 'ਤੇ ਕਾਨੂੰਨੀ ਕਾਰਵਾਈ ਲਾਜ਼ਮੀ ਹੈ ਅਤੇ ਆਖ਼ਰਕਾਰ ਹਾਈ ਕੋਰਟ ਤੱਕ ਜਵਾਬਦੇਹੀ ਤੋਂ ਕੋਈ ਬਚ ਨਹੀਂ ਸਕਦਾ। ਪ੍ਰੋ. ਖਿਆਲਾ ਨੇ ਸਪਸ਼ਟ ਕੀਤਾ ਕਿ ਮੌਜੂਦਾ ਮਾਮਲਾ ਹਾਈ ਕੋਰਟ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਪੁਲਿਸ ਵੱਲੋਂ ਦਰਜ ਕੀਤੇ ਗਏ ਕੇਸ ਨਾਲ ਸਬੰਧਿਤ ਹੈ। ਇਸ ਲਈ ਸ਼੍ਰੋਮਣੀ ਕਮੇਟੀ ਅਤੇ ਬਾਦਲ ਲੀਡਰਸ਼ਿਪ ਨੂੰ ਇਹ ਸਮਝਣਾ ਹੋਵੇਗਾ ਕਿ ਉਹ ਨਾ ਸਿਰਫ਼ ਪੰਥਕ ਤੌਰ 'ਤੇ, ਸਗੋਂ ਕਾਨੂੰਨੀ ਤੌਰ 'ਤੇ ਵੀ ਅਦਾਲਤ ਨੂੰ ਜਵਾਬਦੇਹ ਹਨ। ਉਨ੍ਹਾਂ ਕਿਹਾ ਕਿ ਇਹ ਵੀ ਗੰਭੀਰ ਸਵਾਲ ਹੈ ਕਿ 27 ਅਗਸਤ 2020 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਅਨੁਸਾਰ ਪਾਸ ਕੀਤੇ ਗਏ ਮਤਾ ਨੰਬਰ 466—ਜਿਸ ਵਿੱਚ ਦੋਸ਼ੀਆਂ ਖ਼ਿਲਾਫ਼ ਫ਼ੌਜਦਾਰੀ ਕੇਸ ਦਰਜ ਕਰਨ ਦਾ ਫ਼ੈਸਲਾ ਲਿਆ ਗਿਆ ਸੀ, ਨੂੰ ਬਾਅਦ ਵਿੱਚ ਮਤਾ ਨੰਬਰ 493 ਰਾਹੀਂ ਰੱਦ ਕਰਕੇ ਅਕਾਲ ਤਖ਼ਤ ਦੇ ਆਦੇਸ਼ ਨੂੰ ਠੁਕਰਾਉਂਦਿਆਂ ਕੇਵਲ ਵਿਭਾਗੀ ਕਾਰਵਾਈ ਤੱਕ ਸੀਮਤ ਕਰ ਦਿੱਤਾ ਗਿਆ। ਕੀ ਇਹ ਫ਼ੈਸਲਾ ਆਪਣੇ ਆਪ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਦੀ ਘੋਰ ਉਲੰਘਣਾ ਨਹੀਂ ਹੈ ? ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਕਿਹਾ ਕਿ ਬਾਦਲ ਲੀਡਰਸ਼ਿਪ ਇਹ ਭਰਮ ਪਾਲੀ ਬੈਠੀ ਸੀ ਕਿ ਪਾਵਨ ਸਰੂਪ ਘਟ ਹੋ ਗਏ ਹਨ ਤਾਂ ਪੈਸਿਆਂ ਨਾਲ ਭਰਪਾਈ ਕਰਕੇ ਇਹ ਮਸਲਾ ਦਬਾ ਦਿੱਤਾ ਜਾਵੇਗਾ। ਪਰ ਜਾਂਚ ਕਮਿਸ਼ਨ ਦੀ ਰਿਪੋਰਟ ਪਹਿਲਾਂ ਹੀ ਸਪਸ਼ਟ ਕਰ ਚੁੱਕੀ ਹੈ ਕਿ ਅਜਿਹੀ ਸੋਚ ਲਈ 'ਤੁਸੀਂ ਮਾਲਕ ਦੇ ਘਰ ਬਖ਼ਸ਼ੇ ਨਹੀਂ ਜਾਓਗੇ'

> ☛ ਪੰਜ ਸਾਲ ਚਾਰ ਮਹੀਨੇ 'ਚ ਸ਼੍ਰੋਮਣੀ ਕਮੇਟੀ ਨੇ ਲਾਪਤਾ ਪਾਵਨ ਸਰੂਪਾਂ ਦੇ ਭਾਲ ਲਈ ਕੱਖ ਭੰਨ ਕੇ ਦੋਹਰਾ ਨਹੀਂ ਕੀਤਾ। ☛ ਸ਼੍ਰੋਮਣੀ ਕਮੇਟੀ ਨੂੰ ਅਧਿਕਾਰਾਂ ਦਾ ਪਤਾ, ਪਰ ਫ਼ਰਜ਼ਾਂ ਤੋਂ ਬੇਖ਼ਬਰ । ☛ 328 ਪਾਵਨ ਸਰੂਪਾਂ ਦੇ ਮਾਮਲੇ ਵਿੱਚ ਬਾਦਲ ਲੀਡਰਸ਼ਿਪ ਦੀ ਬੇਸ਼ਰਮੀ ਪੰਥਕ ਭਰੋਸੇ ਨਾਲ ਖਿਲਵਾੜ

### ਕੈਬਿਨਟ ਮੰਤਰੀ ਹਰਭਜਨ ਸਿੰਘ ਈਟੀਓ ਵੱਲੋਂ ਧਰਦਿਉ ਵਿੱਚ

# 37 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੇ ਖੇਡ ਮੈਦਾਨ ਦਾ ਨੀਂਹ ਪੱਥਰ



ਜੰਡਿਆਲਾ ਗੁਰੂ, 4 ਜਨਵਰੀ ( ਕੁਲਵੰਤ ਸਿੰਘ ਵਿਰਦੀ ) ਅੱਜ ਹਲਕਾ ਜੰਡਿਆਲਾ ਗੁਰੂ ਦੇ ਗ੍ਰਾਮ ਪੰਚਾਇਤ ਧਰਦਿਉ ਵਿਖੇ 36 ਲੱਖ 82 ਹਜ਼ਾਰ ਰੁਪਏ ਦੀ ਲਾਗਤ ਨਾਲ ਬਣ ਕੇ ਤਿਆਰ ਹੋਣ ਵਾਲੇ ਖੇਡ ਮੈਦਾਨ ਦੀ ਉਸਾਰੀ ਦੇ ਕੰਮ ਦਾ ਨੀਂਹ ਪੱਥਰ ਰੱਖਿਆ। ਇਸ ਮੌਕੇ ਸੰਬੋਧਨ ਕਰਦੇ ਕੈਬਨਿਟ ਮੰਤਰੀ ਨੇ ਕਿਹਾ ਕਿ ਆਧੁਨਿਕ ਸਹੂਲਤਾਂ ਨਾਲ ਤਿਆਰ ਹੋਣ ਵਾਲਾ ਇਹ ਖੇਡ ਮੈਦਾਨ ਮਾਨ ਸਰਕਾਰ ਦੀ ਉਸ ਦੂਰਦਰਸ਼ੀ ਸੋਚ ਦਾ ਪ੍ਰਤੀਕ ਹੈ, ਜਿਸ ਦਾ ਉਦੇਸ਼ ਨੌਜਵਾਨ ਪੀੜ੍ਹੀ ਨੂੰ ਸਹੀ ਸੋਚ ਅਤੇ ਸਿਹਤਮੰਦ ਜੀਵਨਸ਼ੈਲੀ ਵੱਲ ਲੈ ਕੇ ਜਾਣਾ, ਖੇਡ ਸੱਭਿਆਚਾਰ ਨੂੰ ਉਤਸ਼ਾਹਿਤ ਕਰਨਾ ਅਤੇ ਪੇਂਡੂ ਖਿਡਾਰੀਆਂ ਲਈ ਉੱਚ-ਮਿਆਰੀ ਮੌਕੇ ਉਪਲਬਧ ਕਰਵਾਉਣਾ ਹੈ।ਇਸ ਮੌਕੇ ਪਿੰਡਾਂ ਵਿੱਚ ਹੋਏ ਇਕੱਠਾਂ ਨੂੰ ਸੰਬੋਧਨ ਕਰਦੇ ਕੈਬਨਿਟ ਮੰਤਰੀ ਨੇ ਕਿਹਾ ਕਿ ਇਹ ਤੁਹਾਡੀ ਸਰਕਾਰ ਹੈ, ਜਿਸ ਕਰਕੇ ਖਜ਼ਾਨੇ ਦਾ ਮੂੰਹ ਤੁਹਾਡੇ ਵੱਲ ਖੁੱਲਿਆ ਹੈ ।ਉਹਨਾਂ ਕਿਹਾ ਕਿ ਤੁਸੀਂ ਪਿਛਲੀਆਂ ਸਰਕਾਰਾਂ ਦਾ ਰਾਜ ਵੀ ਵੇਖਿਆ ਹੈ, ਜਿਨਾਂ ਨੇ ਪਿੰਡਾਂ , ਪਿੰਡਾਂ ਦੇ ਸਕੂਲਾਂ ਦੀ ਸਾਰ ਤੱਕ ਨਹੀਂ ਸੀ ਲਈ ਅਤੇ ਅੱਜ ਤੁਹਾਡੀ ਬਣਾਈ ਹੋਈ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਦਾ ਇੱਕ ਇੱਕ ਪੈਸਾ ਤੁਹਾਡੇ ਉੱਤੇ ਖਰਚ ਕਰ ਰਹੀ ਹੈ। ਉਹਨਾਂ ਕਿਹਾ ਕਿ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਦੀ ਇੱਛਾ ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਦੀ ਹੈ ਅਤੇ ਪੰਜਾਬ ਪਿੰਡਾਂ ਦਾ ਦੇਸ਼ ਹੈ, ਇਸ ਲਈ ਸਾਡੀ ਕੋਸ਼ਿਸ਼ ਹੈ ਕਿ ਪਿੰਡਾਂ ਦੇ ਵਿੱਚ ਉਹ ਸਭ ਸਹੂਲਤਾਂ ਦਿੱਤੀਆਂ ਜਾਣ ਜੋ ਕਿ ਅੱਜ ਦੇ ਸਮੇਂ ਦੀ ਲੋੜ ਹਨ। ਉਹਨਾਂ ਕਿਹਾ ਕਿ ਪਿੰਡਾਂ ਦੇ ਵਿੱਚ ਗੰਦੇ ਪਾਣੀ ਦਾ ਨਿਕਾਸ, ਖੇਡ ਮੈਦਾਨਾਂ ਨੂੰ ਵਿਕਸਿਤ ਕਰਨਾ, ਕੂੜੇ ਪ੍ਰਬੰਧਨ ਦੇ ਕੰਮ ਕਰਨੇ ਅਤੇ ਪਿੰਡਾਂ ਦੇ ਵਿੱਚ ਬਿਹਤਰ ਸਿਹਤ- ਸਿੱਖਿਆ ਸਹੂਲਤਾਂ ਦੇਣੀਆਂ ਸਾਡੀ ਅੱਜ ਦੀ ਤਰਜੀਹ ਹਨ। ਸਰਕਾਰ ਇਸ ਉੱਤੇ ਕੰਮ ਕਰ ਰਹੀ ਹੈ ਅਤੇ ਆਉਣ ਵਾਲੇ ਸਾਲਾਂ ਵਿੱਚ ਵੀ ਖਜ਼ਾਨੇ ਦਾ ਮੂੰਹ ਲੋਕਾਂ ਲਈ ਖੁੱਲਿਆ ਰਹੇਗਾ ਉਹਨਾਂ ਕਿਹਾ ਕਿ ਤੁਸੀਂ ਮੈਨੂੰ ਜੋ ਤਾਕਤ ਦਿੱਤੀ ਹੈ, ਉਸ ਤਾਕਤ ਦੀ ਵਰਤੋਂ ਮੈਂ ਤੁਹਾਡੇ ਲਈ ਕਰ ਰਿਹਾ ਹਾਂ। ਉਹਨਾਂ ਕਿਹਾ ਕਿ ਮੈਂ ਜੰਡਿਆਲਾ ਹਲਕੇ ਦਾ ਦੇਣ ਨਹੀਂ ਦੇ ਸਕਦਾ, ਜਿਨਾਂ ਨੇ ਮੈਨੂੰ ਵਿਧਾਇਕ ਬਣਾਇਆ ਤੇ ਸਾਡੀ ਪਾਰਟੀ ਨੇ ਅੱਗੋਂ ਕੈਬਨਿਟ ਮੰਤਰੀ ਦਾ ਦਰਜਾ ਦੇ ਕੇ ਜੰਡਿਆਲਾ ਹਲਕੇ ਦਾ ਮਾਣ ਵਧਾਇਆ।

# ਸਿੱਖ ਪੰਥ ਦੇ ਭਾਰੀ ਵਿਰੋਧ ਦੇ ਬਾਵਜੂਦ ਰਾਮ ਰਹੀਮ ਨੂੰ ਪੈਰੋਲ ਦੇਣਾ ਚਿੰਤਾਜਨਕ: ਬੀਬੀ ਰਣਜੀਤ ਕੌਰ

### ਸਰਕਾਰਾਂ ਦੀ ਰਹਿਮ ਦਿਲੀ ਅਤੇ ਨਰਮ ਰਵੱਈਆ ਬੰਦੀ ਸਿੰਘਾਂ ਲਈ ਕਿਉਂ ਨਹੀਂ . ?



ਨਵੀਂ ਦਿੱਲੀ 4 ਜਨਵਰੀ (ਮਨਪ੍ਰੀਤ ਸਿੰਘ ਖਾਲਸਾ): ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਇਕ ਵਾਰ ਮੁੜ ਪੈਰੋਲ ਦੇ ਦਿੱਤੀ ਗਈ ਹੈ ਜੋ ਕਿ ਸਿੱਖ ਹਿਰਦਿਆਂ ਲਈ ਭਾਰੀ ਠੇਸ ਦੀ ਗੱਲ ਹੈ ਕਿਉਕਿ ਡੇਰਾ ਮੁੱਖੀ ਕਤਲ ਅਤੇ ਜਬਰਜਿੰਨ੍ਹਾਹ ਦੇ ਗੰਭੀਰ ਦੋਸ਼ਾਂ ਦੇ ਨਾਲ ਦਸਮ ਪਾਤਸ਼ਾਹ ਦੇ ਸਵਾਂਗ ਰਚਣ ਦਾ ਵੀ ਦੋਸ਼ੀ ਹੈ । ਦਿੱਲੀ ਗੁਰਦੁਆਰਾ ਕਮੇਟੀ ਦੇ ਸੀਨੀਅਰ ਮੈਂਬਰ ਬੀਬੀ ਰਣਜੀਤ ਕੌਰ ਨੇ ਕਿਹਾ ਕਿ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਉਸ ਦੇ ਕੀਤੇ ਦੀ ਸਜ਼ਾ ਅਦਾਲਤ ਵੱਲੋਂ ਦਿੱਤੀ ਗਈ ਹੈ। ਸਰਕਾਰਾਂ ਦੀ ਰਹਿਮ ਦਿਲੀ ਅਤੇ ਨਰਮ ਰਵੱਈਆ ਰਾਮ ਰਹੀਮ ਨੂੰ ਵਾਰ-ਵਾਰ ਪੈਰੋਲ ਦੇ ਰਹੀਆਂ ਹਨ। ਉਨ੍ਹਾਂ ਗੁੱਸਾ ਜਤਾਉਂਦਿਆਂ ਕਿਹਾ ਕਿ "ਇੱਕ ਪਾਸੇ ਸਿੱਖ ਕੈਦੀ, ਜੋ ਆਪਣੀ ਸਜ਼ਾ ਪੂਰੀ ਕਰ ਚੁੱਕੇ ਹਨ, ਉਨ੍ਹਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ, ਜਦਕਿ ਦੂਜੇ ਪਾਸੇ ਰਾਮ ਰਹੀਮ ਨੂੰ ਵਾਰ-ਵਾਰ ਪੈਰੋਲ 'ਤੇ ਛੱਡਿਆ ਜਾ ਰਿਹਾ ਹੈ।" ਉਨ੍ਹਾਂ ਕਿਹਾ ਕਿ ਸਰਕਾਰ ਆਪਣਾ ਦੋਹਰਾ ਮਾਪਦੰਡ ਵਰਤ ਰਹੀ ਹੈ ਅਤੇ ਲੋਕਾਂ ਨੂੰ ਇਹ ਜਾਣਨ ਦਾ ਹੱਕ ਹੈ ਕਿ ਰਾਮ ਰਹੀਮ ਨੂੰ ਲਗਾਤਾਰ ਪੈਰੋਲ ਕਿਉਂ ਮਿਲ ਰਹੀ ਹੈ। ਉਨ੍ਹਾਂ ਕਿਹਾ ਕਿ ਸਿੱਖ ਸੰਸਥਾਵਾਂ ਵੱਲੋਂ ਰਾਮ ਰਹੀਮ ਨੂੰ ਵਾਰ-ਵਾਰ ਪੈਰੋਲ ਦੇਣ ਦਾ ਵਿਰੋਧ ਕੀਤਾ ਜਾਂਦਾ ਹੈ, ਪਰ ਫਿਰ ਵੀ ਸਰਕਾਰਾਂ ਉਸ ਨੂੰ ਪੈਰੋਲ ਦੇ ਰਹੀਆਂ ਹਨ। ਜਦ ਕਿ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ। ਉਨ੍ਹਾਂ ਕਿਹਾ ਰਾਮ ਰਹੀਮ ਨੂੰ ਵਾਰ-ਵਾਰ ਪੈਰੋਲ ਮਿਲਣ ਕਾਰਨ ਸੂਬਾ ਸਰਕਾਰ 'ਤੇ ਕਈ ਤਰ੍ਹਾਂ ਦੇ ਸਵਾਲ ਉੱਠ ਰਹੇ ਹਨ। ਉਨ੍ਹਾਂ ਦਸਿਆ ਕਿ ਇਸ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਵੀ ਪਟੀਸ਼ਨ ਦਾਇਰ ਕੀਤੀ ਸੀ। ਜਿਸ 'ਤੇ ਹਾਈਕੋਰਟ ਨੇ ਕਿਹਾ ਸੀ ਕਿ ਰਾਮ ਰਹੀਮ ਨੂੰ ਬਿਨਾਂ ਇਜਾਜ਼ਤ ਦੇ ਪੈਰੋਲ ਜਾਂ ਫਰਲੋ ਨਹੀਂ ਦਿੱਤੀ ਜਾਣੀ ਚਾਹੀਦੀ। ਬਾਅਦ ਵਿੱਚ ਹਾਈ ਕੋਰਟ ਨੇ ਵੀ ਪੈਰੋਲ ਜਾਂ ਫਰਲੋ ਦੀ ਜ਼ਿੰਮੇਵਾਰੀ ਸੂਬਾ ਸਰਕਾਰ 'ਤੇ ਛੱਡ ਦਿੱਤੀ ਸੀ, ਦੇ ਬਾਵਜੂਦ ਪੈਰੋਲ ਦੇਣਾ ਨਿੰਦਾਜਨਕ ਹੈ ਜਿਸਦਾ ਅਸੀਂ ਵਿਰੋਧ ਕਰਦੇ ਹਾਂ ।

## ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਰਾਮ ਰਹੀਮ ਨੂੰ ਮੁੜ ਪੈਰੋਲ ਦੇਣ ਦੀ ਕੀਤੀ ਨਿਖੇਧੀ



ਨਵੀਂ ਦਿੱਲੀ, 4 ਜਨਵਰੀ (ਮਨਪ੍ਰੀਤ ਸਿੰਘ ਖਾਲਸਾ):- ਸੰਗੀਨ ਅਪਰਾਧਾਂ ਵਿੱਚ ਸਜ਼ਾ ਭੁਗਤ ਰਹੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਇੱਕ ਵਾਰ ਫਿਰ 40 ਦਿਨ ਦੀ ਪੈਰੋਲ ਦਿੱਤੇ ਜਾਣ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਖ਼ਤ ਨਿਖੇਧੀ ਕੀਤੀ ਹੈ।ਐਡਵੋਕੇਟ ਧਾਮੀ ਨੇ ਕਿਹਾ ਕਿ ਜਿਹੜਾ ਵਿਅਕਤੀ ਗੰਭੀਰ ਦੋਸ਼ਾਂ ਵਿੱਚ ਸਜ਼ਾ ਕੱਟ ਰਿਹਾ ਹੈ ਅਤੇ ਸਿੱਖ ਧਰਮ ਵਿਰੋਧੀ ਗਤੀਵਿਧੀਆਂ ਦਾ ਵੀ ਦੋਸ਼ੀ ਹੈ ਉਸ ਉੱਤੇ ਸਰਕਾਰਾਂ ਦੀ ਇਹ ਦਰਿਆਦਿਲੀ ਹੈਰਾਨੀਜਨਕ ਹੀ ਨਹੀਂ, ਸਗੋਂ ਲੋਕਤੰਤਰ ਅਤੇ ਇਨਸਾਫ਼ ਪ੍ਰਣਾਲੀ ਦਾ ਵੀ ਮਜ਼ਾਕ ਹੈ। ਉਨ੍ਹਾਂ ਕਿਹਾ ਕਿ ਵਿਅਕਤੀਆਂ ਨੂੰ ਸਰਕਾਰ ਵੱਲੋਂ ਵਿਸ਼ੇਸ਼ ਰਿਆਇਤਾਂ ਦੇਣਾ ਜਿਥੇ ਪੀੜਤ ਲੋਕਾਂ ਨਾਲ ਮਜ਼ਾਕ ਹੈ ਉਥੇ ਨਿਆਂ ਪ੍ਰਣਾਲੀ ਲਈ ਵੀ ਸਵਾਲ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਜੇਕਰ ਸਰਕਾਰਾਂ ਨੇ ਦੋਸ਼ੀਆਂ ਨੂੰ ਸਿਆਸੀ ਲਾਭ ਲਈ ਰਾਹਤ ਦੇਣ ਦਾ ਇਹ ਰੁਝਾਨ ਜਾਰੀ ਰੱਖਿਆ ਤਾਂ ਲੋਕਾਂ ਦਾ ਇਨਸਾਫ਼ ਪ੍ਰਣਾਲੀ ਤੋਂ ਭਰੋਸਾ ਉੱਠ ਜਾਵੇਗਾ।

## ਗਿਗ ਵਰਕਰਾਂ ਦੇ ਸਮਾਜਿਕ ਸੁਰੱਖਿਆ ਨਿਯਮਾਂ ਦਾ ਖਰੜਾ ਸਮੇਂ ਸਿਰ ਚੁੱਕਿਆ ਕਦਮ; ਹੁਣ ਲਾਗੂ ਕਰਨਾ ਤਰਜੀਹ: ਐਮ.ਪੀ. ਸਾਹਨੀ

**ਨਵੀਂ ਦਿੱਲੀ, 4 ਜਨਵਰੀ (ਮਨਪ੍ਰੀਤ ਸਿੰਘ ਖਾਲਸਾ)**:-ਰਾਜ ਸਭਾ ਦੇ ਸੰਸਦ ਮੈਂਬਰ ਡਾ. ਵਿਕਰਮਜੀਤ ਸਿੰਘ ਸਾਹਨੀ ਨੇ ਅੱਜ ਗਿਗ ਅਤੇ ਪਲੇਟਫਾਰਮ ਵਰਕਰਾਂ ਦੀ ਸਮਾਜਿਕ ਸੁਰੱਖਿਆ ਲਈ ਨਿਯਮਾਂ ਦੇ ਖਰੜੇ ਦਾ ਸਵਾਗਤ ਕੀਤਾ, ਉਨ੍ਹਾਂ ਨੂੰ ਸਮਾਜਿਕ ਸੁਰੱਖਿਆ ਕੋਡ, 2020 ਦੇ ਉਸਾਰੂ ਅਤੇ ਸਮੇਂ ਸਿਰ ਹੋਏ ਵਿਕਾਸ ਵਜੋਂ ਦੇਖਿਆ ਜਾਣਾ ਚਾਹੀਦਾ ਹੈ ਅਤੇ ਕਿਹਾ ਕਿ ਇਹ ਸੰਸਦ ਵਿੱਚ ਉਨ੍ਹਾਂ ਦੇ ਦਖਲ ਦੇ ਹੁੰਗਾਰੇ ਵਜੋਂ ਸਰਕਾਰ ਦੁਆਰਾ ਦਿੱਤੇ ਗਏ ਭਰੋਸੇ ਦੀ ਭਰਪੂਰੀ ਕਰਦਾ ਹੈ। ਇੱਕ ਹੱਲ-ਮੁਖੀ ਪਹੁੰਚ ਅਪਣਾਉਂਦੇ ਹੋਏ ਡਾ. ਸਾਹਨੀ ਨੇ ਲੱਖਾਂ ਨੌਕਰੀਆਂ ਪੈਦਾ ਕਰਨ ਅਤੇ ਦੇਸ਼ ਦੇ ਜਨਸੰਖਿਆ ਲਾਭਅੰਸ਼ ਨੂੰ ਜਨਸੰਖਿਆ ਚੁਣੌਤੀ ਵਿੱਚ ਬਦਲਣ ਤੋਂ ਰੋਕਣ ਵਿੱਚ ਭਾਰਤ ਦੇ ਸਟਾਰਟਅੱਪਸ ਅਤੇ ਡਿਜੀਟਲ ਪਲੇਟਫਾਰਮਾਂ ਦੁਆਰਾ ਨਿਭਾਈ ਗਈ ਮਹੱਤਵਪੂਰਨ ਭੂਮਿਕਾ ਨੂੰ ਸਵੀਕਾਰ ਕੀਤਾ। ਡਾ. ਸਾਹਨੀ ਨੇ ਸਾਡੇ ਪਲੇਟਫਾਰਮਾਂ ਦੀ ਮੁਕਾਬਲੇਬਾਜ਼ੀ ਅਤੇ ਨਵੀਨਤਾ ਨੂੰ ਸੁਰੱਖਿਅਤ ਰੱਖਦੇ ਹੋਏ, ਸਿਹਤ ਸੰਭਾਲ, ਬੀਮਾ ਅਤੇ ਕੰਮ 'ਤੇ ਮਾਣ ਨੂੰ ਕਵਰ ਕਰਨ ਵਾਲੇ ਵੱਖ-ਵੱਖ ਹਿੱਸੇਦਾਰਾਂ ਨਾਲ ਮਿਲ ਕੇ ਇੱਕ ਰਾਸ਼ਟਰੀ ਗਿਗ ਵਰਕਰਾਂ ਲਈ ਭਲਾਈ ਢਾਂਚਾ ਬਣਾਉਣ ਦੀ ਮੰਗ ਕੀਤੀ। ਡਾ. ਸਾਹਨੀ ਨੇ ਗਿਗ ਅਤੇ ਪਲੇਟਫਾਰਮ ਵਰਕਰਾਂ ਲਈ ਭਲਾਈ ਪ੍ਰਬੰਧਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਦੀ ਵੀ ਅਪੀਲ ਕੀਤੀ, ਜਿਸ ਵਿੱਚ ਜੀਵਨ ਅਤੇ ਅਪੰਗਤਾ ਕਵਰ, ਦੁਰਘਟਨਾ ਬੀਮਾ, ਸਿਹਤ ਲਾਭ ਅਤੇ ਬੁਢਾਪਾ ਸੁਰੱਖਿਆ ਸ਼ਾਮਲ ਹੈ, ਇੱਕ ਢਾਂਚਾਗਤ ਅਤੇ ਰਾਸ਼ਟਰੀ ਪੱਧਰ 'ਤੇ ਤਾਲਮੇਲ ਵਾਲੇ ਸਮਾਜਿਕ ਸੁਰੱਖਿਆ ਢਾਂਚੇ ਰਾਹੀਂ, ਜਿਸ ਵਿੱਚ ਸਮੂਹਾਂ ਦੀ ਪਾਰਦਰਸ਼ੀ ਜ਼ਿੰਮੇਵਾਰੀ ਅਤੇ ਗਿਗ ਵਰਕਰਾਂ ਨੂੰ ਲਾਭਾਂ ਤੱਕ ਨਿਰਵਿਘਨ ਪਹੁੰਚ ਹੋਵੇ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਗੁਰਦੁਆਰਾ ਧੰਨ ਗੁਰੂ ਨਾਨਕ ਦਰਬਾਰ ਖੁਜਾਲਾ ਵਿਖੇ

# ਦਸ਼ਮੇਸ਼ ਪਿਤਾ ਜੀ ਦਾ ਪ੍ਰਕਾਸ਼ ਪੁਰਬ ਮਨਾਇਆ






**ਚੌਕ ਮਹਿਤਾ, 4 ਜਨਵਰੀ (ਬਾਬਾ ਸੁਖਵੰਤ ਸਿੰਘ ਚੰਨਣਕੇ)**-ਗੁਰਦੁਆਰਾ ਧੰਨ ਗੁਰੂ ਨਾਨਕ ਦਰਬਾਰ ਸੰਪ੍ਰਦਾਇ ਹਰਖੋਵਾਲ ਖੁਜਾਲੇ ਦੇ ਮੁੱਖੀ ਸ੍ਰੀ ਮਾਨ ਸੰਤ ਬਾਬਾ ਗੁਰਦੀਪ ਸਿੰਘ ਸੰਪਰਦਾਇ ਹਰਖੋਵਾਲ ਖੁਜਾਲੇ ਵਾਲਿਆਂ ਦੀ ਅਗਵਾਈ ਹੇਠ ਸਾਹਿਬੇ ਕਮਾਲਿ, ਸਰਬੰਸਦਾਨੀ, ਅੰਮ੍ਰਿਤ ਦੇ ਦਾਨੀ ਕਲਗੀਧਰ ਪਾਤਸ਼ਾਹ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਮਹਾਰਾਜ ਦਾ ਪਵਿੱਤਰ ਪਾਵਨ ਅਵਤਾਰ ਦਿਹਾੜਾ ਬੜੇ ਪ੍ਰੇਮ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ ਪਵਿੱਤਰ ਪਾਵਨ ਗੁਰਬਾਣੀ ਦੇ ਭੋਗ ਤੋਂ ਉਪਰੰਤ ਦੀਵਾਨ ਸਜਾਏ ਗਏ ਭਰੇ ਹੋਏ ਦੀਵਾਨਾਂ ਵਿੱਚ ਭਾਈ ਅਜੀਤ ਸਿੰਘ ਅਜੈਬ ਵਾਲੀਆਂ ਨੇ ਸੰਗਤਾਂ ਨੂੰ ਕਥਾ ਅਤੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ ਉਪਰੰਤ ਭਾਈ ਦੀਪ ਸਿੰਘ, ਭਾਈ ਜਰਨੈਲ ਸਿੰਘ ਨੇ ਸੰਗਤਾਂ ਨੂੰ ਕੀਰਤਨ ਸਰਵਣ ਕਰਵਾਇਆ। ਇਸ ਮੌਕੇ ਤੇ ਵਿਸ਼ੇਸ਼ ਤੌਰ ਤੇ ਸ੍ਰੀ ਮਾਨ ਸੰਤ ਬਾਬਾ ਗੁਰਦੀਪ ਸਿੰਘ ਸੰਪਰਦਾਇ ਹਰਖੋਵਾਲ ਖੁਜਾਲੇ ਵਾਲਿਆਂ ਨੇ ਸੰਗਤਾਂ ਨੂੰ ਗੁਰੂ ਇਤਿਹਾਸ ਅਤੇ ਪਵਿੱਤਰ ਪਾਵਨ ਗੁਰਬਾਣੀ ਦੇ ਕੀਰਤਨ ਨਾਲ ਜੋੜਿਆ ਅਤੇ ਬਾਬਾ ਜੀ ਨੇ ਸੰਗਤਾਂ ਨੂੰ ਕਿਹਾ ਕਿ ਅਮ੍ਰਿਤ ਛਕੋ, ਭਜਨ ਬੰਦਗੀ ਸਿਮਰਨ, ਨਿਤਨੇਮੀ ਹੋਵੋਂ ਅਤੇ ਨਸ਼ਿਆਂ ਦਾ ਤਿਆਗ ਕਰੋ, ਕਿਸੇ ਕਦੇ ਵੀ ਮਾੜਾ ਨਾ ਕਰੋ, ਭਲਾ ਕਰੋ, ਲੋੜਵੰਦਾਂ ਦੀ ਸਹਾਇਤਾ ਕਰੋ ਇਸ ਮੌਕੇ ਤੇ ਇਲਾਕੇ ਦੀਆਂ ਸੰਗਤਾਂ ਨੇ ਹਾਜ਼ਰੀਆਂ ਭਰੀਆਂ ਆਏ ਹੋਏ ਸੇਵਾਦਾਰਾਂ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਗੁਰੂ ਜੀ ਦੇ ਲੰਗਰ ਅਟੁੱਟ ਵਰਤਿਆ।

# ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਬੱਸਾਂ ਨੂੰ ਕੀਤਾ ਰਵਾਨਾ- ਸੁਖਵੀਰ ਸਿੰਘ ਮਾਈਸਰਖਾਨਾ



**ਤਲਵੰਡੀ ਸਾਬੋ, 4 ਜਨਵਰੀ (ਗੁਰਜੰਟ ਸਿੰਘ ਨਥੇਹਾ)**- ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਪਵਿੱਤਰ ਸ਼ਹਿਰ ਅੰਮ੍ਰਿਤਸਰ ਵਿੱਚ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਸ਼ਰਧਾਲੂਆਂ ਨੂੰ ਲੈ ਕੇ ਜਾਣ ਵਾਲੀਆਂ ਬੱਸਾਂ ਦੇ ਜੱਥੇ ਨੂੰ ਵਿਧਾਇਕ ਮੌੜ ਸ. ਸੁਖਬੀਰ ਸਿੰਘ ਮਾਈਸਰਖਾਨਾ ਵਲੋਂ ਪਿੰਡ ਗਿੱਲ ਕਲਾਂ ਦੇ ਜਵਾਹਰ ਨਗਰ ਬੂਥ ਨੰਬਰ 13 ਤੋਂ ਰਵਾਨਾ ਕੀਤਾ ਗਿਆ। ਇਸੇ ਤਰ੍ਹਾਂ ਹੀ ਵਿਧਾਨ ਸਭਾ ਹਲਕਾ ਭੁੱਚੋ ਮੰਡੀ ਦੇ ਪਿੰਡ ਦਾਨ ਸਿੰਘ ਵਾਲਾ ਦੇ ਬੂਥ ਨੰਬਰ 6 ਤੋਂ, ਵਿਧਾਨ ਸਭਾ ਹਲਕਾ ਬਠਿੰਡਾ ਦਿਹਾਤੀ ਦੇ ਪਿੰਡ ਬੁਰਜ ਮਹਿਮਾ ਦੇ ਬੂਥ ਨੰਬਰ 8 ਤੋਂ, ਵਿਧਾਨ ਸਭਾ ਹਲਕਾ ਤਲਵੰਡੀ ਸਾਬੋ ਦੇ ਪਿੰਡ ਪੱਕਾ ਕਲਾਂ ਤੋਂ ਅਤੇ ਵਿਧਾਨ ਸਭਾ ਹਲਕਾ ਰਾਮਪੁਰਾ ਦੇ ਪਿੰਡ ਹਾਕਮ ਸਿੰਘ ਵਾਲਾ ਤੋਂ ਬੱਸਾਂ ਨੂੰ ਧਾਰਮਿਕ ਸਥਾਨਾਂ ਲਈ ਰਵਾਨਾ ਕੀਤਾ ਗਿਆ। ਇਸ ਦੌਰਾਨ ਵਿਧਾਇਕ ਮੌੜ ਸ. ਸੁਖਬੀਰ ਸਿੰਘ ਮਾਈਸਰਖਾਨਾ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਪਵਿੱਤਰ ਸਥਾਨਾਂ ਦੀ ਯਾਤਰਾ ਦੀ ਸਹੂਲਤ ਦੇ ਕੇ ਪੰਜਾਬੀਆਂ ਵਿੱਚ ਸਮਾਜਿਕ ਅਤੇ ਧਾਰਮਿਕ ਸਦਭਾਵਨਾ ਨੂੰ ਮਜ਼ਬੂਤ ਕਰਨ ਲਈ ਇੱਕ ਵਿਸ਼ੇਸ਼ ਪਹਿਲਕਦਮੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਹ ਯੋਜਨਾ ਸਾਰੀਆਂ ਜਾਤਾਂ, ਧਰਮਾਂ, ਆਮ ਵਰਗਾਂ ਦੇ ਲੋਕਾਂ ਲਈ ਖੁੱਲ੍ਹੀ ਹੈ, ਜੋ ਕਿ ਸਰਕਾਰ ਦਾ ਇੱਕ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ। ਇਸ ਮੌਕੇ ਜਿਥੇ ਸ਼ਰਧਾਲੂਆਂ ਵਲੋਂ ਪੰਜਾਬ ਸਰਕਾਰ ਦਾ ਵਿਸ਼ੇਸ਼ ਸਕੀਮ ਚਲਾਉਣ 'ਤੇ ਧੰਨਵਾਦ ਕੀਤਾ ਉਥੇ ਹੀ ਸਰਧਾਲੂਆਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ।




# ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਪਾਰਟੀ ਦੇ ਮੁੱਖ ਬੁਲਾਰਿਆਂ ਦੀ ਨਿਯੁਕਤੀ




**ਅੰਮ੍ਰਿਤਸਰ, 4 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਅਕਾਲੀ ਦਲ ਵਾਰਿਸ ਪੰਜਾਬ ਦੇ ਪ੍ਰੈਸ ਸਕੱਤਰ ਭਾਈ ਸ਼ਮਸ਼ੇਰ ਸਿੰਘ ਪੱਧਰੀ ਵੱਲੋਂ ਜਾਰੀ ਕੀਤੇ ਪ੍ਰੈਸ ਨੋਟ ਵਿੱਚ ਦਫ਼ਤਰ ਸਕੱਤਰ ਭਾਈ ਪ੍ਰਗਟ ਸਿੰਘ ਮੀਆਂਵਿੰਡ ਨੇ ਕਿਹਾ ਕਿ ਪਾਰਟੀ ਦੀ ਨੀਤੀਆਂ, ਸੰਘਰਸ਼ਾਂ ਅਤੇ ਪੰਜਾਬ ਦੇ ਹੱਕਾਂ ਦੀ ਆਵਾਜ਼ ਨੂੰ ਮਜ਼ਬੂਤੀ ਨਾਲ ਜਨਤਾ ਤੱਕ ਪਹੁੰਚਾਉਣ ਲਈ ਪਾਰਟੀ ਦੇ ਬੁਲਾਰਿਆਂ ਦੀ ਨਿਯੁਕਤੀ ਕੀਤੀ ਗਈ ਹੈ। ਇਹ ਨਿਯੁਕਤੀਆਂ ਪਾਰਟੀ ਦੇ ਸੰਗਠਨਾਤਮਕ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਅਤੇ ਮੀਡੀਆ ਤੇ ਜਨਤਕ ਮੰਚਾਂ 'ਤੇ ਪਾਰਟੀ ਦਾ ਪੱਖ ਸਪਸ਼ਟਤਾ ਨਾਲ ਰੱਖਣ ਲਈ ਕੀਤੀਆਂ ਗਈਆਂ ਹਨ। ਪਾਰਟੀ ਦਾ ਮੰਨਣਾ ਹੈ ਕਿ ਨਿਯੁਕਤ ਬੁਲਾਰੇ ਪੰਜਾਬ ਦੇ ਸੰਵੇਦਨਸ਼ੀਲ ਮੁੱਦਿਆਂ, ਪੰਥਕ ਮਸਲਿਆਂ, ਲੋਕਤੰਤਰਕ ਅਧਿਕਾਰਾਂ ਅਤੇ ਸਰਬੱਤ ਦੇ ਭਲੇ ਦੀ ਸੋਚ ਨੂੰ ਨਿਡਰਤਾ ਨਾਲ ਪੇਸ਼ ਕਰਨਗੇ। ਇਹ ਬੁਲਾਰੇ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਦੇ ਵਿਚਾਰਾਂ ਅਤੇ ਨੀਤੀਆਂ ਨੂੰ ਸਹੀ ਅਤੇ ਜ਼ਿੰਮੇਵਾਰ ਢੰਗ ਨਾਲ ਜਨਤਾ ਸਾਹਮਣੇ ਰੱਖਣਗੇ। ਪਾਰਟੀ ਵੱਲੋਂ ਨਿਯੁਕਤ ਕੀਤੇ ਗਏ ਬੁਲਾਰਿਆਂ ਵਿੱਚ ਭਾਈ ਜਸਕਰਨ ਸਿੰਘ ਕਾਹਨਸਿੰਘ ਵਾਲਾ, ਭਾਈ ਸੰਦੀਪ ਸਿੰਘ ਰੁਪਾਲੋਂ, ਬੀਬੀ ਸਤਨਾਮ ਕੌਰ ਜੀ, ਐਡਵੋਕੇਟ ਹਰਜੋਤ ਸਿੰਘ ਮਾਨ, ਐਡਵੋਕੇਟ ਇਮਾਨ ਸਿੰਘ ਖ਼ਾਰਾ, ਭਾਈ ਚਮਕੌਰ ਸਿੰਘ ਧੁੰਨ, ਭਾਈ ਪ੍ਰਿਥੀਪਾਲ ਸਿੰਘ ਬਟਾਲਾ, ਭਾਈ ਸੁਖਦੇਵ ਸਿੰਘ ਕਾਦੀਆਂ, ਭਾਈ ਦਲਜੀਤ ਸਿੰਘ ਜਵੰਦਾ, ਭਾਈ ਤੇਜਿੰਦਰ ਸਿੰਘ ਢਿਲੋਂ, ਭਾਈ ਨਵਤੇਜ ਸਿੰਘ ਛੱਜਲਵੱਡੀ, ਐਡਵੋਕੇਟ ਕਰਮਵੀਰ ਸਿੰਘ ਪੰਨੂ ਅਤੇ ਭਾਈ ਜਸਕਰਨ ਸਿੰਘ ਰਿਆੜ ਸ਼ਾਮਿਲ ਹਨ। ਅਕਾਲੀ ਦਲ ਵਾਰਿਸ ਪੰਜਾਬ ਦੇ ਨੂੰ ਪੂਰਾ ਵਿਸ਼ਵਾਸ ਹੈ ਕਿ ਨਵੇਂ ਨਿਯੁਕਤ ਬੁਲਾਰੇ ਪਾਰਟੀ ਦੀ ਲੜਾਈ ਨੂੰ ਹੋਰ ਤੇਜ਼ੀ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਅੱਗੇ ਵਧਾਉਣਗੇ ਅਤੇ ਪੰਜਾਬ ਦੀ ਅਵਾਜ਼ ਨੂੰ ਹਰ ਮੰਚ 'ਤੇ ਬੁਲੰਦ ਕਰਨਗੇ।

# ਰਾਮ ਰਹੀਮ ਦੀ ਪੈਰੋਲ ਦਾ ਵਿਰੋਧ ਅਤੇ ਭਾਈ ਭਿਓਰਾ ਦੀ ਛੁੱਟੀ ਮੰਜੂਰ ਕਰਣ ਦੀ ਅਪੀਲ: ਸਰਨਾ



**ਨਵੀਂ ਦਿੱਲੀ 4 ਜਨਵਰੀ (ਮਨਪ੍ਰੀਤ ਸਿੰਘ ਖਾਲਸਾ)**:- ਹਰਿਆਣਾ ਸਰਕਾਰ ਵੱਲੋਂ ਡੇਰਾ ਸਿਰਸਾ ਮੁਖੀ ਰਾਮ ਰਹੀਮ ਨੂੰ ਇੱਕ ਵਾਰ ਫਿਰ 40 ਦਿਨਾਂ ਦੀ ਪੈਰੋਲ ਦੇਣਾ ਸਿੱਖ ਕੌਮ ਦੇ ਜ਼ਖ਼ਮਾਂ 'ਤੇ ਲੂਣ ਛਿੜਕਣ ਦੇ ਬਰਾਬਰ ਹੈ। ਇੰਨ੍ਹਾ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਦਿੱਲੀ ਗੁਰਦੁਆਰਾ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦੇ ਪ੍ਰਧਾਨ ਸਰਦਾਰ ਪਰਮਜੀਤ ਸਿੰਘ ਸਰਨਾ ਨੇ ਕਿਹਾ ਇੱਕ ਪਾਸੇ ਸਰਕਾਰ ਗੁਰਪੁਰਬ ਮਨਾਉਂਦੀ ਹੈ, ਦੂਜੇ ਪਾਸੇ ਉਹਨਾਂ ਫ਼ੈਸਲਿਆਂ ਨਾਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਾ ਰਹੀ ਹੈ, ਜੋ ਕਦੇ ਮਾਫ਼ ਨਾ ਕੀਤੀਆਂ ਜਾ ਸਕਣ ਵਾਲੀਆਂ ਯਾਦਾਂ ਨੂੰ ਫਿਰ ਤਾਜ਼ਾ ਕਰ ਦਿੰਦੇ ਹਨ। ਉਨ੍ਹਾਂ ਕਿਹਾ ਸਿੱਖ ਕੌਮ ਦੇ ਰੋਸ ਨੂੰ ਦਰਕਿਨਾਰ ਕਰਕੇ ਵਾਰ ਵਾਰ ਅਜਿਹੀਆਂ ਹਰਕਤਾਂ ਸਾਬਤ ਕਰਦੀਆਂ ਹਨ ਕਿ ਸਰਕਾਰਾਂ ਸਿਰਫ ਸਿੱਖ ਹਿਤੈਸ਼ੀ ਹੋਣ ਦੇ ਦਾਅਵੇ ਕਰਦੀਆਂ ਹਨ ਪਰ ਅਸਲੀਅਤ ਇਸਤੋਂ ਉਲਟ ਹੈ । ਉਨ੍ਹਾਂ ਕਿਹਾ ਅਸੀਂ ਬੰਦੀ ਸਿੰਘਾਂ ਦੀ ਤੁਲਨਾ ਬਲਾਤਕਾਰੀ ਰਾਮ ਰਹੀਮ ਨਾਲ ਨਹੀਂ ਕਰ ਰਹੇ ਹਾਂ ਪਰ ਦੇਸ਼ ਅੰਦਰ ਕਾਨੂੰਨ ਦਾ ਦੋਹਰਾ ਮਾਪਦੰਡ ਕਿਉਂ ਅਪਣਾਇਆ ਜਾ ਰਿਹਾ ਹੈ । ਉਨ੍ਹਾਂ ਕਿਹਾ ਬੰਦੀ ਸਿੰਘ ਜੋ ਆਪਣੀ ਬਣਦੀ ਸਜ਼ਾ ਤੋਂ ਵੀ ਵੱਧ ਸਮਾਂ ਜੇਲ੍ਹਾਂ ਵਿਚ ਗੁਜਾਰ ਰਹੇ ਹਨ, ਨੂੰ ਤੁਰੰਤ ਰਿਹਾ ਕਰਣਾ ਚਾਹੀਦਾ ਹੈ ਤੇ ਬੁੜੈਲ ਜੇਲ੍ਹ ਅੰਦਰ ਬੰਦ ਭਾਈ ਪਰਮਜੀਤ ਸਿੰਘ ਭਿਓਰਾ ਜੋ ਕਿ ਪਿਛਲੇ 29 ਸਾਲਾਂ ਤੋਂ ਬੰਦ ਹਨ ਤੇ ਛੁੱਟੀ ਲਈ ਅਰਜੀ ਲਗਾਈ ਹੋਈ ਹੈ ਦੀ ਛੁੱਟੀ ਮੰਜੂਰ ਕਰਕੇ ਉਨ੍ਹਾਂ ਨੂੰ ਸਮਾਜ ਦੀ ਮੁੱਖ ਧਾਰਾ ਵਿਚ ਸ਼ਾਮਿਲ ਹੋਣ ਦਾ ਰਾਹ ਪੱਧਰਾ ਕੀਤਾ ਜਾਏ ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਵੋਟਰ ਦਿਵਸ 2026 ਅਤੇ ਆਗਾਮੀ ਚੋਣਾਂ 2026 'ਤੇ ਵਿਸ਼ੇਸ਼

# ਵੋਟਰ ਦਿਵਸ 25 ਜਨਵਰੀ, ਭਾਰਤੀ ਚੋਣ ਕਮਿਸ਼ਨ ਦਾ ਵੋਟਰ ਜਾਗਰੂਕਤਾ ਦਾ ਹਰ ਸੰਭਵ ਯਤਨ






ਭਾਰਤ ਵਿੱਚ ਸਮੇਂ ਦੇ ਅਨੁਸਾਰ ਯੁਗਾਂ- ਯੁਗਾਂਤਰਾਂ ਤੋਂ ਲੈ ਕੇ ਹੁਣ ਤੱਕ ਬਹੁਤ ਸਾਰੀਆਂ ਤਬਦੀਲੀਆਂ ਵੇਖਣ ਨੂੰ ਮਿਲੀਆਂ ਹਨ, ਕਿਉਂਕਿ ਸਮੇਂ-ਸਮੇਂ ਤੇ ਕਈ ਦੇਸ਼ਾਂ ਦੇ ਲੋਕਾਂ ਨੇ ਰਾਜ ਕਰਨ ਸਮੇਂ ਇਸ ਨੂੰ ਆਪਣੇ ਹਿਸਾਬ ਨਾਲ ਚਲਾਇਆ ਹੈ। ਕਿਉਂਕਿ ਭਾਰਤ ਤੇ ਬਹੁਤ ਸਾਰੀਆਂ ਵਿਦੇਸ਼ੀ ਸ਼ਕਤੀਆਂ ਨੇ ਵੀ ਰਾਜ ਕੀਤਾ। ਅਖੀਰ ਵਿੱਚ ਵਿਦੇਸ਼ੀ ਸ਼ਕਤੀ ਅੰਗਰੇਜ਼ਾਂ ਨੇ ਭਾਰਤ ਤੇ ਰਾਜ ਕੀਤਾ, ਪਰ 15 ਅਗਸਤ 1947 ਨੂੰ ਭਾਰਤ ਅੰਗਰੇਜ਼ਾਂ ਦੀ ਗੁਲਾਮੀ ਤੋਂ ਆਜ਼ਾਦ ਹੋਇਆ। ਫਿਰ ਭਾਰਤ ਨੇ ਆਪਣਾ ਸੰਵਿਧਾਨ ਬਣਾ ਕੇ ਦੇਸ਼ ਦੀ ਤਰੱਕੀ ਤੇ ਵਿਕਾਸ ਕਰਨਾ ਸ਼ੁਰੂ ਕੀਤਾ। ਇਹ ਸੰਵਿਧਾਨ ਬਣਾਉਣ ਲਈ ਸੰਵਿਧਾਨ ਕਮੇਟੀ ਦੇ ਲਗਭਗ 389 ਮੈਂਬਰਾਂ ਦੀ ਸਖਤ ਮਿਹਨਤ ਨਾਲ ਬਣਾਇਆ ਗਿਆ। ਸੰਵਿਧਾਨ ਦੀ ਵਰਤੋਂ ਸਭ ਤੋਂ ਪਹਿਲਾਂ ਇੰਗਲੈਂਡ ਵਿੱਚ ਕੀਤੀ ਗਈ। ਭਾਰਤ ਦਾ ਸੰਵਿਧਾਨ ਵੀ ਇੰਗਲੈਂਡ ਦੇ ਸੰਵਿਧਾਨ ਨਾਲ ਕਾਫੀ ਮਿਲਦਾ ਜੁਲਦਾ ਹੈ। ਭਾਰਤੀ ਸੰਵਿਧਾਨ ਲਿਖਣਾ ਜੁਲਾਈ 1946 ਵਿੱਚ ਸ਼ੁਰੂ ਕੀਤਾ ਗਿਆ ਅਤੇ ਸੰਵਿਧਾਨ ਲਿਖਣ ਲਈ ਲਗਭਗ 2 ਸਾਲ 11 ਮਹੀਨੇ 18 ਦਿਨ ਲੱਗੇ। ਇਹ ਸੰਵਿਧਾਨ 26 ਜਨਵਰੀ 1949 ਨੂੰ ਤਿਆਰ ਹੋ ਗਿਆ ਅਤੇ 26 ਜਨਵਰੀ 1950 ਨੂੰ ਲਾਗੂ ਕੀਤਾ ਗਿਆ। ਜਿਸ ਅਨੁਸਾਰ ਦੇਸ਼ ਦੇ ਵਿਕਾਸ ਲਈ ਕੇਂਦਰ ਸਰਕਾਰ ਅਤੇ ਬਾਕੀ ਰਾਜ ਸਰਕਾਰਾਂ ਚੁਣੀਆਂ ਜਾਂਦੀਆਂ ਹਨ। ਇਸ ਸਾਰੇ ਦੇਸ਼ ਦੇ ਸਾਰੇ ਸਿਸਟਮ ਦੀ ਜਿੰਦ-ਜਾਨ ਕੇਂਦਰ ਸਰਕਾਰ ਅਤੇ ਰਾਜ ਸਰਕਾਰਾਂ ਹੁੰਦੀਆਂ ਹਨ। ਜਿਸ ਨੂੰ ਕਿ ਸੰਘਾਤਮਕ ਪ੍ਰਣਾਲੀ ਕਿਹਾ ਜਾਂਦਾ ਹੈ। ਇਹ ਸਰਕਾਰ ਸੂਝਵਾਨ ਮਤਦਾਤਾ ਆਪਣੀ ਮੱਤ ਅਨੁਸਾਰ ਚੁਣਦੇ ਹਨ। ਭਾਰਤੀ ਸੰਵਿਧਾਨ ਦੇ ਅਨੁਛੇਦ 324 ਅਨੁਸਾਰ ਚੋਣ ਕਮਿਸ਼ਨ ਦੇ ਕੰਮਾਂ ਸਬੰਧੀ ਵਿਵਸਥਾ ਕੀਤੀ ਗਈ ਹੈ। ਮਤਲਬ ਕਿ ਇਸ ਅਨੁਸਾਰ ਹੀ ਭਾਰਤ ਵਿੱਚ ਚੋਣਾਂ ਕਰਵਾਈਆਂ ਜਾਂਦੀਆਂ ਹਨ। ਜਿਸ ਅਨੁਸਾਰ ਭਾਰਤੀ ਚੋਣ ਅਯੋਗ ਵੋਟਰਾਂ ਨੂੰ ਜਾਗਰੂਕ ਕਰਨ ਦਾ ਕੰਮ ਬਖੂਬੀ ਕਰ ਰਿਹਾ ਹੈ ਤਾਂ ਕਿ ਹਰੇਕ ਮਤਦਾਨ ਵਿੱਚ ਮਤਦਾਤਾਵਾਂ ਦੀ ਭਾਗੀਦਾਰੀ ਨੂੰ ਵਧਾਇਆ ਜਾ ਸਕੇ। ਸੰਨ 1952 ਵਿੱਚ ਪਹਿਲੀਆਂ ਚੋਣਾਂ ਕਰਵਾਈਆਂ ਗਈਆਂ। ਸਾਲ 2019 ਵਿੱਚ 17ਵੀਆਂ ਲੋਕ ਸਭਾ ਚੋਣਾਂ ਕਰਵਾਈਆਂ ਗਈਆਂ ਸਨ ਤੇ ਹੁਣ 2026 ਵਿੱਚ ਕਿਸੇ ਨਾ ਕਿਸੇ ਕਿਸਮ ਦੀਆਂ ਅਗਲੇਰੀਆਂ ਚੋਣਾਂ ਹੋਣਗੀਆਂ। ਸਾਲ 1952 ਵਿੱਚ 17.32 ਕਰੋੜ ਮਤਦਾਤਾ ਸਨ ਅਤੇ ਚੋਣਾਂ ਵਿੱਚ ਭਾਗੀਦਾਰੀ 61.7% ਸੀ। ਸਨ 2019 ਵਿੱਚ 89.60 ਕਰੋੜ ਮਤਦਾਤਾ ਸਨ ਤੇ ਚੋਣਾਂ ਵਿੱਚ ਭਾਗੀਦਾਰੀ 67. 11% ਰਹੀ ਹੈ ਅਤੇ 2023 ਵਿੱਚ ਲੋਕ ਸਭਾ ਚੋਣਾਂ ਵਿੱਚ ਮਤਦਾਤਾਵਾਂ ਦੀ ਭਾਗੀਦਾਰੀ 69.93 ਰਹੀ ਹੈ। ਇਹਨਾਂ ਮਾਤਾ ਦਾਤਾਵਾਂ ਨੂੰ ਵੱਧ ਤੋਂ ਵੱਧ ਜਾਗਰੂਕ ਕਰਨ ਲਈ ਭਾਰਤੀ ਚੋਣ ਕਮਿਸ਼ਨ ਕਈ ਤਰ੍ਹਾਂ ਦੇ ਜਾਗਰੂਕਤਾ ਪ੍ਰੋਗਰਾਮ ਕਰਵਾਉਂਦਾ ਰਹਿੰਦਾ ਹੈ। ਤਾਂ ਕਿ ਵੋਟਰਾਂ ਨੂੰ ਜਾਗਰੂਕ ਕਰਕੇ ਮਤਦਾਨ ਵਿੱਚ ਭਾਗੀਦਾਰੀ ਨੂੰ ਵਧਾਇਆ ਜਾਵੇ ਅਤੇ ਹਰ ਵੋਟਰ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹੋਵੇ। ਇਲੈਕਸ਼ਨ ਕਮਿਸ਼ਨ ਹਰ ਪੱਧਰ ਤੇ ਹਰ ਸੰਭਵ ਯਤਨ ਕਰਕੇ ਵੋਟਰਜ ਨੂੰ ਜਾਗਰੂਕ ਕਰ ਵੀ ਰਿਹਾ ਹੈ, ਜਿਸ ਤੋਂ ਸਭ ਤੋਂ ਵੱਡੀ ਉਦਾਹਰਣ ਇਹ ਹੈ ਕਿ ਕਮਿਸ਼ਨ ਹਰ ਸਾਲ ਮਤਦਾਤਾਵਾਂ ਨੂੰ ਜਾਗਰੂਕ ਕਰਨ ਲਈ ਬਹੁਤ ਸਾਰੇ ਪ੍ਰੋਗਰਾਮ ਕਰਵਾਉਂਦਾ ਹੈ। ਜਿਨਾਂ ਵਿੱਚੋਂ ਹਰ ਸਾਲ 25 ਜਨਵਰੀ ਨੂੰ ਵੋਟਰ ਦਿਵਸ ਮਨਾਇਆ ਜਾਂਦਾ ਹੈ। ਨੈਸ਼ਨਲ, ਰਾਜ, ਜਿਲਾ, ਤਹਿਸੀਲ, ਬਲਾਕ, ਪਿੰਡ, ਸ਼ਹਿਰ ਅਤੇ ਇੱਥੋਂ ਤੱਕ ਕਿ ਹਰ ਬੂਥ ਲੈਵਲ ਤੇ ਵੋਟਰ ਦਿਵਸ ਮਨਾਉਣ ਦੇ ਪ੍ਰੋਗਰਾਮ ਕਰਵਾਏ ਜਾਂਦੇ ਹਨ ਤਾਂ ਕਿ ਹਰ ਵੋਟਰ ਤੱਕ ਪਹੁੰਚ ਕਰਕੇ ਵੋਟਰਜ ਨੂੰ ਜਾਗਰੂਕ ਕੀਤਾ ਜਾ ਸਕੇ। ਇਸ ਕੰਮ ਲਈ ਕਮਿਸ਼ਨ ਹਰ ਸਾਲ ਸਮੇਂ ਸਮੇਂ ਵੋਟਰ ਜਾਗਰੂਕਤਾ ਦੇ ਲੱਗਣ ਵਾਲੇ ਕੈਂਪਾਂ ਦੀ ਸਪੀਕਰਾਂ ਰਾਹੀਂ ਅਨਾਊਂਸਮੈਂਟ ਕਰਵਾਉਂਦਾ ਹੈ। ਸਾਰੇ ਫਾਰਮਾਂ ਨੂੰ ਭਰਮ ਭਰਨ ਸਬੰਧੀ ਜਾਣਕਾਰੀ ਦਿੱਤੀ ਜਾਂਦੀ ਹੈ, ਵੋਟਰ ਜਾਗਰੂਕਤਾ ਲਈ ਹਰ ਖੇਤਰ ਵਿੱਚ ਕਈ ਪ੍ਰਕਾਰ ਦੀਆਂ ਵੈਨਾਂ ਭੇਜ ਕੇ ਸਾਰੇ ਇਲਾਕਿਆਂ ਦੇ ਪਿੰਡਾਂ ਸ਼ਹਿਰਾਂ ਵਿੱਚ ਇਸ ਵੈਨ ਦੇ ਰਾਹੀਂ ਵੋਟਰ ਜਾਗਰੂਕਤਾ ਦੇ ਵੀਡੀਓ ਵਿਖਾਏ ਜਾਂਦੇ ਹਨ,ਪੋਸਟਰ ਲਗਵਾਏ ਜਾਂਦੇ ਹਨ, ਇਲਾਕੇ ਦੀਆਂ ਸੰਸਥਾਵਾਂ ਵਿੱਚ ਪੋਸਟਰ, ਸਲੋਗਨ, ਨੁੱਕੜ ਨਾਟਕ, ਪੇਂਟਿੰਗਸ ਮੁਕਾਬਲੇ ਕਰਵਾਏ ਜਾਂਦੇ ਹਨ, ਵੋਟਾਂ ਜਾਗਰੂਕਤਾ ਰੈਲੀਆਂ ਕਢਵਾਈਆਂ ਜਾਂਦੀਆਂ ਹਨ, ਭੀੜ ਵਾਲੀਆਂ, ਸਪੈਸ਼ਲ ਥਾਵਾਂ ਤੇ ਕਈ ਕਈ ਦਿਨ ਡੈਸਕ ਲਗਵਾ ਕੇ ਵੋਟਰਜ ਨੂੰ ਜਾਗਰੂਕ ਵੀ ਕੀਤਾ ਜਾਂਦਾ ਹੈ, ਵੱਖ-ਵੱਖ ਸੰਸਥਾਵਾਂ ਵਿੱਚ ਜਾ ਕੇ ਵਿਸ਼ੇਸ਼ ਲੈਕਚਰ ਦਿੱਤੇ ਜਾਂਦੇ ਹਨ, ਅਖਬਾਰਾਂ ਮੈਗਜ਼ੀਨਾਂ ਆਦਿ ਵਿੱਚ ਆਰਟੀਕਲ ਛਪਵਾ ਕੇ, ਸਿਨੇਮਾ ਅਤੇ ਸੋਸ਼ਲ ਮੀਡੀਆ ਤੇ ਵੋਟਰ ਜਾਗਰੂਕਤਾ ਦੇ ਵੀਡੀਓਜ਼ ਸ਼ੇਅਰ ਕਰਕੇ ਹਰ ਵੋਟਰਜ ਤੱਕ ਪਹੁੰਚ ਕੀਤੀ ਜਾਂਦੀ ਹੈ। ਜਿਨਾਂ ਵੀਡੀਓਜ ਵਿੱਚ ਦੇਸ਼ ਦੀਆਂ ਮਹਾਨ ਸ਼ਖਸ਼ੀਅਤਾਂ ਨੂੰ ਹੀ ਲਿਆ ਜਾਂਦਾ ਤੇ ਬੁਲਵਾਇਆ ਜਾਂਦਾ ਹੈ ਤਾਂ ਕਿ ਵੋਟਰਸ ਵੀਡੀਓ ਵੇਖਣ ਲਈ ਆਕਰਸ਼ਿਤ ਹੋਣ। ਇਹ ਵੋਟਰ ਦਿਵਸ ਮਨਾਉਣ ਦਾ ਭਾਰਤੀ ਚੋਣ ਕਮਿਸ਼ਨ ਦਾ ਮੁੱਖ ਮਕਸਦ (ਉਦੇਸ਼) ਹੈ ਕਿ ਵੋਟਰ ਦਿਵਸ ਦੀ ਮਹੱਤਤਾ ਆਮ ਜਨਤਾ ਤੱਕ ਦੱਸਣਾ, ਵੋਟਰਾਂ ਨੂੰ ਚੋਣ ਪ੍ਰਕਿਰਿਆ ਵਿੱਚ ਵੱਧ ਤੋਂ ਵੱਧ ਭਾਗੀਦਾਰ ਬਣਨ ਲਈ ਪ੍ਰੇਰਿਤ ਕਰਨਾ, ਨਵੇਂ ਅਤੇ ਨੌਜਵਾਨ ਵੋਟਰਾਂ ਨੂੰ ਮਤਦਾਤਾ ਸੂਚੀ ਵਿੱਚ ਸ਼ਾਮਿਲ ਕਰਨਾ ਅਤੇ ਲੋਕਤੰਤਰ ਨੂੰ ਵੱਧ ਤੋਂ ਵੱਧ ਮਜਬੂਤ ਕਰਨਾ ਹੈ। ਸਭ ਤੋਂ ਪਹਿਲਾਂ ਉਸ ਸਮੇਂ ਦੇ ਰਾਸ਼ਟਰਪਤੀ ਸਤਿਕਾਰਯੋਗ ਸ੍ਰੀਮਤੀ ਪ੍ਰਤਿਭਾ ਦੇਵੀ ਸਿੰਘ ਪਾਟਿਲ ਨੇ ਸੰਨ 2011 ਵਿੱਚ ਇਹ ਦਿਵਸ ਮਨਾਉਣ ਦੀ ਸ਼ੁਰੂਆਤ 25 ਜਨਵਰੀ ਨੂੰ ਕੀਤੀ ਸੀ। ਹੁਣ ਇਹ ਸਵਾਲ ਪੈਦਾ ਹੁੰਦਾ ਹੈ ਕਿ ਇਹ ਵੋਟਰ ਦਿਵਸ 25 ਜਨਵਰੀ ਨੂੰ ਹੀ ਕਿਉਂ ਮਨਾਇਆ ਜਾਂਦਾ ਹੈ ? ਕਿਉਂਕਿ 25 ਜਨਵਰੀ ਨੂੰ ਇਸ ਦਿਨ 539 (ਭਾਰਤੀ ਚੋਣ ਕਮਿਸ਼ਨ) ਦੀ ਸਥਾਪਨਾ ਹੋਈ ਸੀ। ਸੰਵਿਧਾਨ ਲਾਗੂ ਹੋਣ ਤੋਂ ਇੱਕ ਦਿਨ ਪਹਿਲਾਂ, ਇਸੇ ਕਰਕੇ ਭਾਰਤੀ ਚੋਣ ਕਮਿਸ਼ਨ ਦਾ ਟੋਲ ਫਰੀ ਨੰਬਰ ਵੀ 1950 ਹੈ। ਉਸ ਸਮੇਂ ਤੋਂ ਲੈ ਕੇ ਲਗਭਗ ਹਰ ਸਾਲ 25 ਜਨਵਰੀ ਨੂੰ ਵੋਟਰ ਦਿਵਸ ਮਨਾਇਆ ਜਾਂਦਾ ਹੈ। ਟੋਲ ਫਰੀ ਨੰਬਰ 1950 ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ ਆਦਿ ਰਾਹੀਂ ਇਲੈਕਸ਼ਨ ਕਮਿਸ਼ਨ ਹਰ ਮੁਹੱਲੇ, ਗਲੀ, ਘਰ ਘਰ ਅਤੇ ਵੋਟਰਜ ਨੂੰ ਜਾਗਰੂਕ ਕਰਨ ਲਈ ਹਰ ਸੰਭਵ ਯਤਨ ਕੀਤਾ ਜਾਂਦਾ ਹੈ। ਕਮਿਸ਼ਨ ਹਰ ਪੱਧਰ ਤੇ ਵੋਟਰ ਦਿਵਸ ਮਨਾ ਕੇ ਵੋਟਰਜ ਨੂੰ ਜਾਗਰੂਕ ਕਰਨ ਦੇ ਨਾਲ ਨਾਲ ਵੋਟਰ ਜਾਗਰੂਕਤਾ ਦੇ ਪ੍ਰੋਗਰਾਮਾਂ ਵਿੱਚ ਵਧੀਆ ਕੰਮ ਕਰਨ ਵਾਲੇ ਮਾਨਯੋਗ ਅਤੇ ਸਤਿਕਾਰਯੋਗ ਅਫਸਰਾਂ, ਸੁਪਰਵਾਈਜ਼ਰਾਂ, ਬੀਐਲੋਜ, ਯੂਥ ਵੋਟਰਸ ਅਤੇ ਵੱਖ-ਵੱਖ ਪੱਧਰ ਤੇ ਵਧੀਆ ਕੰਮ ਕਰਨ ਵਾਲੇ ਕਰਮਚਾਰੀਆਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ। ਤਾਂ ਕਿ ਵੋਟਰ ਨੂੰ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਕੀਤਾ ਜਾ ਸਕੇ। ਇਸ ਦਿਵਸ ਸਬੰਧੀ ਪਿੰਡਾਂ ਸ਼ਹਿਰਾਂ ਆਦਿ ਵਿੱਚ ਵੱਡੇ ਵੱਡੇ ਫਲੈਕਸ ਲਗਾ ਕੇ, ਟੀਵੀ ਸਿਨੇਮਾ, ਰੇਡੀਓ, ਅਖਬਾਰਾਂ ਮੈਗਜ਼ੀਨਾਂ ਰਾਹੀਂ ਅਗਾਊ ਜਾਣਕਾਰੀ ਵੀ ਦਿੱਤੀ ਜਾਂਦੀ ਹੈ। ਤਾਂ ਕਿ ਹਰ ਪੱਧਰ ਤੇ 25 ਜਨਵਰੀ ਵਾਲੇ ਦਿਨ ਵੋਟਰ ਦਿਵਸ ਦੀ ਮਹਾਨਤਾ ਹਰ ਵੋਟਰ ਤੱਕ ਪਹੁੰਚ ਸਕੇ। ਖਾਸ ਤੌਰ 'ਤੇ ਇਸ ਸਬੰਧੀ ਜੇਕਰ ਪੰਜਾਬ ਜਾਂ ਬਠਿੰਡਾ ਜ਼ਿਲ੍ਹੇ ਦੀ ਗੱਲ ਕੀਤੀ ਜਾਵੇ ਤਾਂ ਜ਼ਿਲ੍ਹੇ ਦੇ ਮਾਨਯੋਗ ਡਿਪਟੀ ਕਮਿਸ਼ਨਰ ਸਾਹਿਬ, ਜਿਲਾ ਚੋਣ ਦਫਤਰ, ਹਰ ਪੱਧਰ ਦੀਆਂ ਸਵੀਪ ਟੀਮਾਂ, ਜ਼ਿਲ੍ਹੇ ਦੇ ਸਾਰੇ ਐਸ.ਡੀ.ਐਮ. ਸਾਹਿਬਾਨ, ਸੁਪਰਵਾਈਜ਼ਰ ਅਤੇ ਬੀਐਲੋਜ ਬਾਖੂਬੀ ਇਸ ਦਿਵਸ ਨੂੰ ਮਨਾਉਣ, ਜਾਗਰੂਕ ਕਰਨ ਅਤੇ ਇਲੈਕਸ਼ਨ ਕਮਿਸ਼ਨ ਦੇ ਸਮੇਂ-ਸਮੇਂ 'ਤੇ ਚੱਲ ਰਹੇ ਵੋਟਰ ਜਾਗਰੂਕਤਾ ਪ੍ਰੋਗਰਾਮ ਅਤੇ ਵੋਟਰਾਂ ਦੇ ਅਧਿਕਾਰਾਂ ਸਬੰਧੀ ਜਾਗਰੂਕ ਕੀਤਾ ਜਾ ਸਕੇ। ਆਓ ਆਪਾਂ ਸਾਰੇ ਪ੍ਰਣ ਕਰੀਏ ਕਿ ਆਉਣ ਵਾਲੀਆਂ ਆਗਾਮੀ ਹਰ ਚੋਣਾਂ ਵਿੱਚ ਮਤਦਾਨ ਕਰਕੇ ਅਸੀਂ ਆਪਣੇ ਫਰਜ਼ ਨੂੰ ਨਿਭਾਵਾਂਗੇ, ਭਾਰਤੀ ਚੋਣ ਕਮਿਸ਼ਨ ਦੇ ਉਦੇਸ਼ ਨੂੰ ਪੂਰਾ ਕਰਕੇ ਦੇਸ਼ ਦੀ ਸਰਕਾਰ ਚੁਣ ਕੇ ਦੇਸ਼ ਦੀ ਤਰੱਕੀ ਵਿੱਚ ਹਿੱਸਾ ਪਾਵਾਂਗੇ ਅਤੇ ਵੋਟਰ ਦਿਵਸ ਦੀ ਮਹਾਨਤਾ ਤੋਂ ਜਾਣੂ ਹੋਵਾਂਗੇ।

**- ਮੋਤੀ ਰਾਮ ਸੁਪਰਵਾਈਜ਼ਰ, ਮਾਸਟਰ ਟਰੇਨਰ**
**ਸੈਕਟਰ ਨੰਬਰ 10, 093 (ਦਿਹਾਤੀ) ਬਠਿੰਡਾ**
**ਮੋਬਾਈਲ ਨੰਬਰ: 94171-14600**

ਆਵਾਜ਼ਿ ਕੌਮ AWAZE QAUM International Newspaper & WEB TV

ਗੁਰੂ ਨਾਨਕ ਦਾ ਦਰ ਸੋਹਣਾ ਮਿਸ਼ਨ ਦੀ ਸਹਾਇਤਾ ਨਾਲ

# ਲੋੜਵੰਦ ਨੀਲਮ ਬਣੀ ਲੱਖਾਂਪਤੀ

ਫ਼ਿਰੋਜ਼ਪੁਰ, 04 ਜਨਵਰੀ (ਮਨੋਹਰ ਲਾਲ) :— ਗੁਰੂ ਨਾਨਕ ਦਾ ਦਰ ਸੋਹਣਾ ਮਿਸ਼ਨ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਗਲੀ ਨੰਬਰ 10 ਫ਼ਿਰੋਜ਼ਪੁਰ ਛਾਉਣੀ ਵੱਲੋਂ ਦਿੱਤੀ ਕਾਨੂੰਨੀ ਸਹਾਇਤਾ ਨਾਲ ਲੋੜਵੰਦ ਨੀਲਮ ਪੁੱਤਰੀ ਗੋਪੀ ਚੰਦ ਵਾਸੀ ਫ਼ਿਰੋਜ਼ਪੁਰ ਛਾਉਣੀ ਬਣੀ ਲੱਖਾਂ ਪਤੀ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਸੰਸਥਾ ਦੇ ਸੰਸਥਾਪਕ ਅਮਰੀਕ ਸਿੰਘ ਗੋਰਾ ਨੇ ਦੱਸਿਆ ਕਿ ਨੀਲਮ ਜਿਸ ਦੇ ਪਿਤਾ ਗੋਪੀ ਚੰਦ ਸਾਲ 2011 ਵਿਚ ਘਰੋਂ ਚਲੇ ਗਏ ਸਨ ਅਤੇ ਲਾਪਤਾ ਹੋ ਗਏ ਹਨ, ਜਿਸ ਦੀ ਰਿਪੋਰਟ ਪੁਲਿਸ ਥਾਣਾ ਕੈਂਟ ਵਿਖੇ ਲਿਖਵਾਈ ਗਈ ਅਤੇ ਉਨ੍ਹਾਂ ਨੂੰ ਲੱਭਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਗਈ। ਉਨ੍ਹਾਂ ਦੱਸਿਆ ਕਿ ਗੁੰਮਸ਼ੁਦਾ ਗੋਪੀ ਚੰਦ ਅੱਜ ਤੱਕ ਨਹੀਂ ਲੱਭਾ, ਜੋ ਦਫਤਰ ਡਿਪਟੀ ਕਮਿਸ਼ਨਰ ਤੋਂ ਸੇਵਾ ਮੁਕਤ ਸੀ ਅਤੇ ਉਸ ਦੇ ਗੁੰਮ ਹੋਣ ਨਾਲ ਨੀਲਮ ਤੇ ਦੁਖਾਂ ਦਾ ਪਹਾੜ ਟੁੱਟ ਗਿਆ ਸੀ, ਕਿਉਂਕਿ ਉਸਦੀ ਮਾਂ ਦੀ ਵੀ ਮੌਤ ਹੋ ਚੁੱਕੀ ਸੀ। ਉਨ੍ਹਾਂ ਦੱਸਿਆ ਕਿ ਦੁਖੀ ਨੀਲਮ ਨੇ ਸੰਨ 2022 ਵਿਚ ਸੰਸਥਾ ਤੱਕ ਪਹੁੰਚ ਕਰਕੇ ਮੱਦਦ ਦੀ ਗੁਹਾਰ ਲਗਾਈ, ਜਿਸ ਤੇ ਕਾਰਵਾਈ ਕਰਦੇ ਹੋਏ ਸੰਸਥਾ ਦੇ ਅਹੁਦੇਦਾਰਾਂ ਵੱਲੋਂ ਨੀਲਮ ਦੀ ਫੈਮਿਲੀ ਪੈਨਸ਼ਨ ਲਈ ਡੀ.ਸੀ ਦਫਤਰ ਪਹੁੰਚ ਕੀਤੀ, ਪ੍ਰੰਤੂ ਕੋਈ ਕਾਰਵਾਈ ਨਾ ਹੋਣ ਕਰਕੇ ਮਾਨਯੋਗ ਅਦਾਲਤ ਦਾ ਦਰਵਾਜਾ ਖੜਕਾਇਆ। ਉਨ੍ਹਾਂ ਦੱਸਿਆ ਕਿ ਮਾਣਯੋਗ ਅਦਾਲਤ ਹਰਮਨਦੀਪ ਕੌਰ, ਸਿਵਲ ਜੱਜ ਜੂਨੀਅਰ ਡਵੀਜਨ ਕੋਲ ਕੇਸ ਚਲਿਆ ਅਤੇ ਫੈਸਲਾ ਨੀਲਮ ਦੇ ਹੱਕ ਵਿਚ ਹੋਇਆ। ਉਨ੍ਹਾਂ ਦੱਸਿਆ ਕਿ ਹੁਣ ਮਾਣਯੋਗ ਅਦਾਲਤ ਦੇ ਹੁਕਮਾਂ ਅਨੁਸਾਰ ਗੁੰਮਸ਼ੁਦਾ ਗੋਪੀ ਚੰਦ ਦੇ ਪੰਜਾਬ ਐਂਡ ਸਿੰਧ ਬੈਂਕ ਦੇ ਖਾਤੇ ਵਿਚ ਪਈ ਰਕਮ 204873 ਰੁਪਏ ਅੱਜ ਨੀਲਮ ਨੂੰ ਪ੍ਰਾਪਤ ਹੋਏ ਹਨ ਅਤੇ ਡੀ.ਸੀ ਦਫਤਰ ਵੱਲੋਂ ਫੈਮਿਲੀ ਪੈਨਸ਼ਨ ਦਾ ਕੇਸ ਏ.ਜੀ ਪੰਜਾਬ ਨੂੰ ਭੇਜਿਆ ਗਿਆ ਹੈ, ਜਿਸ ਤਹਿਤ ਨੀਲਮ ਨੂੰ ਹਰ ਮਹੀਨੇ 10000 ਰੁਪਏ ਲਗਭਗ ਪੈਨਸ਼ਨ ਮਿਲੇਗੀ, ਜਿਸ ਨਾਲ ਲੋੜਵੰਦ ਨੀਲਮ ਦੇ ਦੁੱਖਾਂ ਦਾ ਅੰਤ ਹੋਇਆ ਹੈ ਅਤੇ ਉਹ ਇਨ੍ਹਾਂ ਪੈਸਿਆਂ ਨਾਲ ਵਧੀਆ ਪੱਧਰ ਦਾ ਜੀਵਨ ਬਤੀਤ ਕਰ ਸਕੇਗੀ। ਇਸ ਮੌਕੇ ਨੀਲਮ ਨੇ ਗੁਰੂ ਨਾਨਕ ਦਾ ਦਰ ਸੋਹਣਾ ਮਿਸ਼ਨ ਦਾ ਧੰਨਵਾਦ ਕੀਤਾ ਅਤੇ ਸੰਸਥਾ ਦੇ ਸੰਸਥਾਪਕ ਅਮਰੀਕ ਸਿੰਘ ਗੋਰਾ ਨੇ ਕਿਹਾ ਕਿ ਸੰਸਥਾ ਦਾ ਉਦੇਸ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦਾ ਪ੍ਰਚਾਰ ਕਰਦੇ ਹੋਏ ਲੋੜਵੰਦਾਂ ਦੀ ਸਹਾਇਤਾ ਕਰਕੇ ਮਨੁੱਖਤਾ ਦੀ ਸੇਵਾ ਕਰਨਾ ਹੈ। ਗੱਲਬਾਤ ਕਰਦਿਆਂ ਸੰਸਥਾ ਦੇ ਆਗੂ ਅਮਰੀਕ ਸਿੰਘ ਗੋਰਾ ਨੇ ਦੱਸਿਆ ਕਿ ਨੀਲਮ ਨੂੰ ਉਸਦਾ ਹੱਕ ਦਿਵਾਉਣ ਵਿਚ ਐਡਵੋਕੇਟ ਸਾਹਿਲ ਰਹੇਜਾ, ਕਰਨ ਨਾਗਲਾ ਜ਼ੋ ਅੱਜ ਕੱਲ ਲਾਅ ਅਫਸਰ ਪੁੱਡਾ ਹਨ ਅਤੇ ਐਡਵੋਕੇਟ ਯੁਵਰਾਜ ਸਿੰਘ ਸੰਧੂ ਨੇ ਸਹਿਯੋਗ ਦਿੱਤਾ, ਜਿਨ੍ਹਾਂ ਦੀ ਸੰਸਥਾ ਪ੍ਰਸ਼ੰਸਾ ਕਰਦੀ ਹੈ।

ਆਵਾਜ਼ਿ ਕੌਮ AWAZE QAUM International Newspaper & WEB TV




# ਸਿਹਤ ਤੇ ਸਮਾਜ ਸੇਵਾ ਵਿੱਚ ਵਿਸ਼ੇਸ਼ ਯੋਗਦਾਨ ਲਈ ਡਾ: ਅਭਿਸ਼ੇਕ ਅਰੋੜਾ ਨੂੰ ਮਾਲਵਾ ਦੇ ਰਤਨ ਸਨਮਾਨ



ਫ਼ਿਰੋਜ਼ਪੁਰ, 04 ਜਨਵਰੀ (ਮਨੋਹਰ ਲਾਲ) :— ਸਿਹਤ ਸੇਵਾਵਾਂ ਅਤੇ ਸਮਾਜ ਕਲਿਆਣ ਦੇ ਖੇਤਰ ਵਿੱਚ ਵਿਸ਼ੇਸ਼ ਯੋਗਦਾਨ ਲਈ ਡਾ: ਅਭਿਸ਼ੇਕ ਅਰੋੜਾ ਨੂੰ ਮਾਲਵਾ ਦੇ ਰਤਨ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਸਮਾਰੋਹ ਗੌਰਵਮਈ ਮਾਹੌਲ ਵਿੱਚ ਸੰਪੰਨ ਹੋਇਆ, ਜਿਸ ਵਿੱਚ ਖੇਤਰ ਦੀਆਂ ਕਈ ਪ੍ਰਸਿੱਧ ਹਸਤੀਆਂ ਨੇ ਸ਼ਿਰਕਤ ਕੀਤੀ। ਸਮਾਰੋਹ ਦੌਰਾਨ ਪੰਜਾਬ ਵਿਧਾਨ ਸਭਾ ਦੇ ਮਾਣਯੋਗ ਸਪੀਕਰ ਸ੍ਰੀ ਕੁਲਤਾਰ ਸਿੰਘ ਸੰਧਵਾਂ, ਮੋਗਾ ਤੋਂ ਵਿਧਾਇਕਾ ਅਮਨਦੀਪ ਕੌਰ ਅਰੋੜਾ, ਵਿਧਾਇਕ ਮਨਜੀਤ ਸਿੰਘ ਬਿਲਾਸਪੁਰ ਅਤੇ ਸ੍ਰੀ ਸਾਗਰ ਸੇਤੀਆ (ਆਈ.ਏ.ਐਸ) ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਇਸ ਤੋਂ ਇਲਾਵਾ ਪ੍ਰਸ਼ਾਸਨਿਕ ਅਧਿਕਾਰੀ, ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦੇ, ਡਾਕਟਰੀ ਵਰਗ ਅਤੇ ਗਣਮਾਨਯ ਨਾਗਰਿਕ ਵੀ ਸਮਾਗਮ ਵਿੱਚ ਸ਼ਾਮਲ ਹੋਏ। ਇਸ ਮੌਕੇ ਪ੍ਰਬੰਧਕਾਂ ਨੇ ਕਿਹਾ ਕਿ ਡਾ: ਅਭਿਸ਼ੇਕ ਅਰੋੜਾ ਵੱਲੋਂ ਸਿਹਤ ਖੇਤਰ ਵਿੱਚ ਦਿੱਤੀਆਂ ਜਾ ਰਹੀਆਂ ਲੋਕ ਹਿਤੈਸ਼ੀ ਸੇਵਾਵਾਂ, ਮੁਫ਼ਤ ਮੈਡੀਕਲ ਕੈਂਪਾਂ ਦਾ ਆਯੋਜਨ ਅਤੇ ਜ਼ਰੂਰਤਮੰਦ ਮਰੀਜ਼ਾਂ ਲਈ ਲਗਾਤਾਰ ਕੀਤੇ ਜਾ ਰਹੇ ਯਤਨ ਸਮਾਜ ਲਈ ਪ੍ਰੇਰਣਾ ਸਰੋਤ ਹਨ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਸਨਮਾਨ ਸਮਾਜ ਵਿੱਚ ਸੇਵਾ, ਸਮਰਪਣ ਅਤੇ ਮਨੁੱਖਤਾ ਦੇ ਮੁੱਲਾਂ ਨੂੰ ਮਜ਼ਬੂਤ ਕਰਦੇ ਹਨ। ਸਨਮਾਨ ਪ੍ਰਾਪਤ ਕਰਦੇ ਹੋਏ ਡਾ: ਅਭਿਸ਼ੇਕ ਅਰੋੜਾ ਨੇ ਸਾਰੇ ਆਯੋਜਕਾਂ ਅਤੇ ਮੌਜੂਦ ਮਹਿਮਾਨਾਂ ਦਾ ਧੰਨਵਾਦ ਕੀਤਾ। ਵਰਤਮਾਨ ਵਿੱਚ ਡਾ: ਅਭਿਸ਼ੇਕ ਅਰੋੜਾ ਅਮਨਦੀਪ ਉਜਾਲਾ ਸਿਗਨਸ ਹਸਪਤਾਲ ਵਿੱਚ ਫੈਸਿਲਟੀ ਡਾਇਰੈਕਟਰ ਦੇ ਤੌਰ 'ਤੇ ਸੇਵਾਵਾਂ ਨਿਭਾ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਸਨਮਾਨ ਉਨ੍ਹਾਂ ਨੂੰ ਸਮਾਜ ਸੇਵਾ ਦੇ ਕੰਮਾਂ ਨੂੰ ਹੋਰ ਵਧੇਰੇ ਨਿਸ਼ਠਾ, ਇਮਾਨਦਾਰੀ ਅਤੇ ਜ਼ਿੰਮੇਵਾਰੀ ਨਾਲ ਅੱਗੇ ਵਧਾਉਣ ਲਈ ਪ੍ਰੇਰਿਤ ਕਰੇਗਾ।

ਆਵਾਜ਼ਿ ਕੌਮ AWAZE QAUM International Newspaper & WEB TV

# ਸੰਨਾਟਾ ਸ਼ਬਦ ਭਾਵੇਂ ਛੋਟਾ ਹੈ ਪਰ ਇਸ ਦੇ ਅਰਥ ਬਹੁਤ ਡੂੰਘੇ ਹਨ—ਪੀ.ਡੀ ਸ਼ਰਮਾ



ਫ਼ਿਰੋਜ਼ਪੁਰ, 04 ਜਨਵਰੀ (ਮਨੋਹਰ ਲਾਲ) :— ਸੰਨਾਟਾ ਕਿਉਂ ਹੋਇਆ ਹੈ, ਉਸ ਦਾ ਕਾਰਨ ਕੀ ਹੈ, ਇਸ ਦਾ ਕਾਰਨ ਕੋਈ ਵੀ ਹੋਵੇ ਪਰ ਹੈ ਬੜਾ ਭਿਆਨਕ ਅਤੇ ਸੰਨਾਟਾ ਸ਼ਬਦ ਭਾਵੇਂ ਛੋਟਾ ਹੀ ਲੱਗਦਾ ਹੈ ਪਰ ਇਹਦੇ ਅਰਥ ਬੜੇ ਡੂੰਘੇ ਤੇ ਭਿਆਨਕ ਨਜ਼ਰ ਆਉਂਦੇ ਹਨ,ਸੰਨਾਟਾ ਸ਼ਬਦ ਨੂੰ ਸੁਣਦੇ ਹੀ ਇੱਕ ਡਰ ਜਿਹਾ ਦਿਲ ਦੇ ਵਿੱਚ ਬੈਠ ਜਾਂਦਾ ਹੈ। ਇਹ ਵਿਚਾਰ ਸਾਂਝੇ ਕਰਦਿਆਂ ਪੀ.ਡੀ ਸ਼ਰਮਾ ਪ੍ਰਧਾਨ ਸੀਨੀਅਰ ਸਿਟੀਜਨ ਕੌਂਸਲ ਫ਼ਿਰੋਜ਼ਪੁਰ ਨੇ ਦੱਸਿਆ ਕਿ ਅੱਜ ਜੇ ਅਸੀਂ ਦੇਖੀਏ ਤਾਂ ਬਹੁਤੇ ਘਰਾਂ ਵਿੱਚ ਸਨਾਟੇ ਨੇ ਆਪਣੇ ਪੈਰ ਪਸਾਰ ਛੱਡੇ ਹਨ, ਪਰਿਵਾਰ ਛੋਟੇ ਤੋਂ ਛੋਟੇ ਹੁੰਦੇ ਜਾ ਰਹੇ ਹਨ ਅਤੇ ਘਰ ਵੱਡੇ ਅਤੇ ਘਰ ਦਾ ਹਰ ਜੀਅ ਘਰ ਵਿੱਚ ਆਪਣੀ ਵੱਖਰੀ ਹੋਂਦ ਦੀ ਚਾਅ ਰੱਖਣ ਲੱਗਾ ਹੈ। ਉਨ੍ਹਾਂ ਕਿਹਾ ਕਿ ਛੋਟਾ ਹੋਵੇ ਜਾਂ ਵੱਡਾ ਹਰ ਇਕ ਆਪਣੇ ਲਈ ਘਰ ਵਿੱਚ ਵੱਖਰੇ ਕਮਰੇ ਦੀ ਮੰਗ ਕਰਨ ਲੱਗਾ ਹੈ ਅਤੇ ਪ੍ਰਾਈਵੇਸੀ ਨੇ ਘਰਾਂ ਵਿੱਚ ਆਪਣੇ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ ਹਨ ਬਲਕਿ ਮੈਂ ਤਾਂ ਇਸ ਸਮਝਦਾ ਹਾਂ ਕਿ ਪ੍ਰਾਈਵੇਸੀ ਸਾਡੇ ਉਪਰ ਹਾਵੀ ਹੁੰਦੀ ਜਾ ਰਹੀ ਹੈ ਜਿਸ ਕਰਕੇ ਘਰ ਦਾ ਹਰ ਜੀਅ ਵੱਖਰੇ ਕਮਰੇ ਦੀ ਮੰਗ ਕਰਨ ਲੱਗਾ ਹੈ, ਇਸੇ ਕਾਰਨ ਹੀ ਘਰਾਂ ਵਿੱਚ ਸੰਨਾਟਾ ਹੋਣ ਲੱਗਾ ਹੈ। ਗੱਲਬਾਤ ਕਰਦਿਆਂ ਪੀ.ਡੀ ਸ਼ਰਮਾ ਨੇ ਕਿਹਾ ਕਿ ਜਿਵੇਂ ਕਿ ਘਰਾਂ ਵਿੱਚ ਪੱਥਰਾਂ ਨੇ ਆਪਣੇ ਪੈਰ ਪਸਾਰ ਲਏ ਹੋਣ, ਪੱਥਰਾਂ ਨੇ ਇਕੱਲੇ ਪੈਰ ਹੀ ਨਹੀਂ ਪਸਾਰੇ ਸਾਡੇ ਦਿਲਾਂ ਤੇ ਵੀ ਕਬਜ਼ਾ ਘਰ ਦਾ ਜਾ ਰਿਹਾ ਹੈ, ਦਿਲ ਵੀ ਪੱਥਰ ਵਰਗੇ ਹੁੰਦੇ ਵੇਖਣ ਨੂੰ ਮਿਲ ਰਹੇ ਹਨ। ਉਨ੍ਹਾਂ ਕਿਹਾ ਕਿ ਘਰਾਂ ਵਿੱਚ ਮੋਹ ਪਿਆਰ ਖੰਭ ਲਾ ਕੇ ਉੱਡ ਗਿਆ ਜਾਪਣ ਲੱਗਾ ਹੈ ਅਤੇ ਅਸੀਂ ਇਕੱਠੇ ਹੁੰਦੇ ਹੋਏ ਵੀ ਇਕੱਲੇ ਮਹਿਸੂਸ ਕਰ ਰਹੇ ਹਾਂ, ਹਰ ਇੱਕ ਵਿਅਕਤੀ ਕੋਲ ਇੱਕ ਦੂਜੇ ਨੂੰ ਮਿਲਣ ਜਾਂ ਉਨ੍ਹਾਂ ਨਾਲ ਗੱਲਬਾਤ ਕਰਨ ਦਾ ਸਮਾਂ ਘਟਦਾ ਜਾ ਰਿਹਾ। ਇਥੋਂ ਜਾਪਦਾ ਹੈ ਕਿ ਸਾਡੇ ਘਰਾਂ ਵਿੱਚ ਹੀ ਨਹੀਂ ਸਾਡੇ ਦਿਲਾਂ ਵਿੱਚ ਵੀ ਸਨਾਟੇ ਨੇ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ ਹਨ, ਅਸੀਂ ਪੱਥਰ ਦਿਲ ਹੁੰਦੇ ਜਾ ਰਹੇ ਹਾਂ, ਸਾਡਾ ਆਪਸ ਵਿੱਚ ਪਿਆਰ ਜਿਹੜਾ ਕਿ ਪੀੜ੍ਹੀ ਦਰ ਪੀੜ੍ਹੀ ਹੋਇਆ ਕਰਦਾ ਸੀ ਉਹ ਪੰਛੀਆਂ ਦੀ ਉਡਾਰੀ ਵਾਂਗ ਉਡਦਾ ਜਾ ਰਿਹਾ ਤੇ ਅਸੀਂ ਆਪਣੇ—ਆਪ ਨੂੰ ਇਕੱਲੇ ਤੇ ਬੇਸਹਾਰਾ ਮਹਿਸੂਸ ਕਰ ਰਹੇ। ਕਈ ਵਾਰ ਦੇਖਣ ਨੂੰ ਇਹ ਵੀ ਸਾਹਮਣੇ ਆਇਆ ਹੈ ਕਿ ਪਰਿਵਾਰਾਂ ਦੇ ਵਿੱਚ ਆਪਸੀ ਪਿਆਰ ਆਪਸੀ ਲਗਾਓ ਅਜੇ ਵੀ ਕੁਝ ਹੱਦ ਤੱਕ ਦੇਖਣ ਨੂੰ ਮਿਲਦਾ ਤਾਂ ਹੈ ਪਰ ਇੱਕ ਦੂਸਰੇ ਲਈ ਸਮੇਂ ਦੀ ਬਹੁਤ ਘਾਟ ਹੈ, ਕਿਸੇ ਕੋਲ ਦੂਜੇ ਕੋਲ ਬੈਠਣ ਦਾ ਸਮਾਂ ਨਹੀਂ ਉਹਦੇ ਨਾਲ ਗੱਲਬਾਤ ਕਰਨ ਦਾ ਸਮਾਂ ਖੁੰਝਦਾ ਜਾ ਰਿਹਾ। ਆਖਰ ਕਿਉਂ ਇਸ ਦਾ ਕਾਰਨ ਲੱਭਣ ਤੇ ਸ਼ਾਇਦ ਕੋਈ ਨਾ ਕੋਈ ਲੱਭ ਜਾਵੇ, ਇਹ ਸੰਨਾਟਾ ਟੁੱਟਦਾ ਨਜ਼ਰ ਨਹੀਂ ਆਉਂਦਾ। ਸਾਡੇ ਪੰਜਾਬ ਵਿੱਚ ਤਾਂ ਵਿਸ਼ੇਸ਼ ਤੌਰ ਤੇ ਕਿਉਂਕਿ ਸਾਡੀ ਸੋਚ ਜਾਂ ਸਾਡੀ ਮਜਬੂਰੀਆਂ ਸਾਨੂੰ ਛੋਟੇ ਪਰਿਵਾਰਾਂ ਵੱਲ ਜਾਣ ਲਈ ਮਜਬੂਰ ਕਰ ਰਹੀਆਂ ਹਨ, ਬੱਚਿਆਂ ਦੀ ਪੜ੍ਹਾਈ ਤੇ ਡਾਕਟਰੀ ਇਲਾਜ ਇਨ੍ਹਾਂ ਮਹਿੰਗਾ ਹੁੰਦਾ ਜਾ ਰਿਹਾ ਹੈ ਕਿ ਆਉਣ ਵਾਲੀਆਂ ਪੀੜ੍ਹੀਆਂ ਛੋਟੇ ਪਰਿਵਾਰਾਂ ਵੱਲ ਨੂੰ ਭੱਜਣਾ ਪੈ ਰਿਹਾ। ਅਸੀਂ ਪੁਰਾਣੀ ਪੀੜ੍ਹੀ ਦੇ ਲੋਕ ਇਸ ਸੰਨਾਟੇ ਤੋਂ ਬਹੁਤ ਹੀ ਡਰਨ ਲੱਗੇ ਹਾਂ, ਸੰਨਾਟਾ ਹੁਣ ਕਿਵੇਂ ਰੋਕੀਏ ਇਸ ਦਾ ਉਪਾਅ ਸਾਨੂੰ ਨਜ਼ਰ ਨਹੀਂ ਆਉਂਦਾ। ਉਨ੍ਹਾਂ ਕਿਹਾ ਕਿ ਕਈ ਵਾਰ ਵੇਖਣ ਵਿੱਚ ਇਹ ਵੀ ਆਇਆ ਹੈ ਕਿ ਘਰ ਵਿੱਚ ਕਿਸੇ ਜੀਅ ਨੂੰ ਦੁੱਖ ਤਕਲੀਫ ਹੋਣ ਤੇ ਘਰ ਦੇ ਦੂਜੇ ਜੀਅ ਨੂੰ ਪਤਾ ਹੀ ਨਹੀਂ ਲੱਗਦਾ ਜਿੰਨੀ ਦੇਰ ਤੱਕ ਉਸਦੇ ਮੋਬਾਈਲ ਤੇ ਘੰਟੀ ਨਾ ਖੜਕੇ, ਇਹ ਕਿਹੋ ਜਿਹਾ ਸਮਾਂ ਦੇਖਣ ਨੂੰ ਮਿਲ ਰਿਹਾ ਹੈ, ਇਥੋਂ ਜਾਪਣ ਲੱਗਾ ਹੈ ਕਿ ਸਾਡੇ ਦਿਲਾਂ ਦੀ ਬਜਾਏ ਮੋਬਾਇਲ ਦੀ ਘੰਟੀ ਜਿਆਦਾ ਮਹੱਤਵਪੂਰਨ ਹੋ ਗਈ ਹੈ। ਉਨ੍ਹਾਂ ਕਿਹਾ ਕਿ ਮੈਂ ਆਪਣੇ ਦੋਸਤ ਨਾਲ ਇਹ ਵਿਚਾਰ ਕਰ ਰਿਹਾ ਸੀ ਕਿ ਇਹ ਸੰਨਾਟਾ ਕਦੀ ਖਤਮ ਵੀ ਹੋਵੇਗਾ ਜਾਂ ਇਹ ਹੋਰ ਵੀ ਵੱਧਦਾ ਜਾਏਗਾ, ਭਾਵੇਂ ਮੇਰੇ ਦੋਸਤ ਮੇਰੇ ਨਾਲ ਸਹਿਮਤ ਨਹੀਂ ਸਨ ਕਿ ਇਹ ਸੰਨਾਟਾ ਕਦੀ ਟੁੱਟ ਸਕੇਗਾ, ਪਰ ਮੈਂ ਇਸ ਗੱਲ ਦਾ ਹਾਮੀ ਹਾਂ ,ਆਸ ਵੀ ਕਰਦਾ ਹਾਂ ਅਤੇ ਪਰਮਾਤਮਾ ਦੇ ਚਰਨਾਂ ਵਿੱਚ ਅਰਦਾਸ ਵੀ ਕਰਦਾ ਹਾਂ ਕਿ ਇਹ ਸੰਨਾਟਾ ਇਕ ਦਿਨ ਟੁੱਟ ਜਾਵੇ ਅਤੇ ਅਸੀਂ ਪਹਿਲਾਂ ਵਾਂਗ ਹੱਸਦੇ ਪਰਿਵਾਰਾਂ ਵਿੱਚ ਵਾਸ ਕਰੀਏ। ਗੱਲਬਾਤ ਕਰਦਿਆਂ ਪੀ.ਡੀ ਸ਼ਰਮਾ ਨੇ ਕਿਹਾ ਕਿ ਜਦੋਂ ਕਿਸੇ ਵੀ ਕੰਮ ਲਈ ਸੱਚੇ ਦਿਲ ਤੋਂ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਪਰਮਾਤਮਾ ਉਸ ਦਾ ਹੱਲ ਸਾਨੂੰ ਕਿਤੇ ਨਾ ਕਿਤੇ ਸੁਝਾਅ ਹੀ ਦਿੰਦਾ ਹੈ, ਅਸੀਂ ਉਸ ਹੱਲ ਵੱਲ ਅੱਗੇ ਵੱਧ ਜਾਂਦੇ ਹਾਂ ਤੇ ਉਹ ਆਪਣੀ ਖੋਜ ਵਿੱਚ ਕਾਮਯਾਬ ਹੋ ਜਾਂਦੇ ਹਾਂ, ਜਦੋਂ ਦਾ ਸਾਡੇ ਘਰਾਂ ਵੱਲ ਨੂੰ ਪੱਥਰ ਨੇ ਮੂੰਹ ਕਰ ਲਿਆ ਹੈ ਉਦੋਂ ਹੀ ਸਾਡੇ ਦਿਲਾਂ ਵਿੱਚੋਂ ਪਿਆਰ ਦੀ ਬਜਾਏ ਪੱਥਰ ਦੀ ਮਹਿਕ ਆਉਣ ਲੱਗੀ ਹੈ ਅਤੇ ਅਸੀਂ ਪੱਥਰ ਦਿਲ ਹੁੰਦੇ ਗਏ ਹਾਂ। ਆਓ ਆਪਣੀਆਂ ਮਜਬੂਰੀਆਂ ਛੱਡੀਏ ਅਤੇ ਸੰਨਾਟੇ ਦੀ ਕਮਰ ਤੋੜ ਕੇ ਅੱਗੇ ਵਧੀਏ, ਆਪਸੀ ਪਿਆਰ ਤੇ ਸਦਭਾਵਨਾ ਨਾਲ ਰਲ ਮਿਲ ਕੇ ਰਹਿਣ ਦਾ ਸੰਕਲਪ ਕਰੀਏ ਇੱਕ ਦੂਜੇ ਦੀਆਂ ਲੋੜਾਂ ਨੂੰ ਆਪਾਂ ਖੁਦ ਮਹਿਸੂਸ ਕਰੀਏ। ਹੁਣ ਵੇਖਣਾ ਇਹ ਹੈ ਕਿ ਅਸੀਂ ਇਸ ਸਨਾਟੇ ਨੂੰ ਤੋੜਨ ਵਿੱਚ ਕਾਮਯਾਬ ਹੁੰਦੇ ਹਾਂ ਜਾਂ ਅਸੀਂ ਖੁਸ਼ੀ—ਖੁਸ਼ੀ ਇਸ ਤੋਂ ਹਾਰ ਮੰਨ ਲੈਂਦੇ ਹਾਂ। ਦੋਸਤੋ ਮੈਂ ਤਾਂ ਸਭ ਨੂੰ ਇਹ ਬੇਨਤੀ ਕਰਾਂਗਾ ਕਿ ਇਸ ਸੰਨਾਟੇ ਤੋਂ ਹਾਰ ਨਾ ਮੰਨਿਓ ਕਦੀ ਵੀ, ਕਿਉਂਕਿ ਇਸ ਦਾ ਨਤੀਜਾ ਬਹੁਤ ਹੀ ਭਿਆਨਕ ਤੇ ਡਰਾਉਣਾ ਹੋਵੇਗਾ ਜੇਕਰ ਅਸੀਂ ਇਸ ਤੋਂ ਹਾਰ ਮੰਨ ਲਈ ਤਾਂ, ਇਸ ਲਈ ਇਸ ਸੰਨਾਟੇ ਨੂੰ ਤੋੜਨ ਦੀ ਕੋਸ਼ਿਸ਼ ਕਰੋ ਕਿਤੇ ਸ਼ਾਇਦ ਕੁਝ ਪ੍ਰਤੀਸ਼ਤ ਆਪਾਂ ਸਾਰੇ ਰਲ ਮਿਲ ਕੇ ਇਸ ਸੰਨਾਟੇ ਨੂੰ ਤੋੜਨ ਵਿੱਚ ਸਫਲ ਹੋ ਜਾਈਏ।

ਆਵਾਜ਼ਿ ਕੌਮ AWAZE QAUM International Newspaper & WEB TV

### ਪੰਜਾਬੀ ਅਦਬੀ ਸੰਗਤ ਲਾਹੌਰ ਦੀ

# ਹ.ਫ਼ਤਾਵਾਰੀ ਮੀਟਿੰਗ ਅਤੇ ਸ਼ਾਨਦਾਰ ਮੁਸ਼ਾਇਰਾ








**ਲਾਹੌਰ, 4 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਪੰਜਾਬੀ ਅਦਬੀ ਸੰਗਤ ਲਾਹੌਰ ਦੀ ਹ.ਫਤਾਵਾਰੀ ਤ.ਗਕੀਦੀ ਮੀਟਿੰਗ ਅਤੇ ਕਵਿਤਾ ਸੈਸ਼ਨ ਸ਼ੁੱਕਰਵਾਰ, 2 ਜਨਵਰੀ, 2026 ਨੂੰ ਪਲਾਕ ਕਜ਼ਾ.ਫੀ ਸਟੇਡੀਅਮ, ਲਾਹੌਰ ਵਿਖੇ ਸ਼੍ਰੀ ਸਲੀਮ ਆਫ਼ਤਾਬ ਸਲੀਮ ਕਸੂਰੀ ਦੀ ਪ੍ਰਧਾਨਗੀ ਹੇਠ ਆਯੋਜਿਤ ਕੀਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਕੁਰਾਨ ਦੇ ਪਾਠ ਨਾਲ ਹੋਈ। ਨਾਅਤ ਰਸੂਲ ਮਕਬੂਲ ਕਰਨ ਤੋਂ ਬਾਅਦ, ਰਾਣਾ ਫੈ.ਜ਼ ਅਹਿਮਦ ਫੈ.ਜ਼ ਨੇ ਆਲੋਚਨਾ ਲਈ ਆਖ਼ਰੀ ਯੁੱਧ ਸਿਰਲੇਖ ਵਾਲੀ ਕਹਾਣੀ ਪੇਸ਼ ਕੀਤੀ। ਕਹਾਣੀ 'ਤੇ ਚਰਚਾ ਅਤੇ ਪ੍ਰਸ਼ੰਸਾ ਕੀਤੀ ਗਈ, ਨਾਲ ਹੀ ਕਹਾਣੀ ਦੀਆਂ ਕਮੀਆਂ ਦੀ ਪਛਾਣ ਕੀਤੀ ਗਈ ਅਤੇ ਕਹਾਣੀ ਦੇ ਵੱਖ-ਵੱਖ ਪਹਿਲੂਆਂ 'ਤੇ ਚਰਚਾ ਕੀਤੀ ਗਈ। ਆਲੋਚਨਾਤਮਕ ਸੈਸ਼ਨ ਤੋਂ ਬਾਅਦ, ਸੈਕਟਰੀ ਐਮ.ਵਾਈ.ਸ਼ਾਹਿਦ ਨੇ ਆਪਣੀ ਗ.ਜ਼ਲ ਨਾਲ ਕਵੀ ਦਰਬਾਰ ਦੀ ਸ਼ੁਰੂਆਤ ਕੀਤੀ। ਹਾਜ਼ਰ ਕਵੀਆਂ ਵਿੱਚ ਸ਼੍ਰੀ ਮੁਨੀਰ ਅਖ਼ਤਰ ਅਲੀ, ਮਨਜ਼ੂਰ ਸ਼ਾਹਿਦ, ਐਮ. ਨਦੀਮ ਵਕਾਸ, ਮੁਹੰਮਦ ਸਿਦੀਕ ਜੌਹਰ, ਅਜ਼ੀਮ ਕਾਜ਼ੀ, ਸ਼ਮਾ ਰਾਜਪੂਤ, ਤਾਇਬ ਪੰਜਾਬੀ ਗਾਇਕ, ਤੌਕੀਰ ਬਿਨ ਅਸਲਮ, ਅਦਲ ਮਨਹਾਸ ਲਾਹੌਰੀ ਮੁਸਰਤ ਬੱਟ, ਫ਼ਰੀਦ ਲਾਹੌਰੀ, ਪ੍ਰੋਫੈਸਰ ਮੁਹੰਮਦ ਅੱਬਾਸ ਮਿਰਜ਼ਾ, ਪ੍ਰੋਫੈਸਰ ਅਰਸ਼ਦ ਰਾਹੀ ਸ਼ਾਮਲ ਸਨ, ਅਤੇ ਅੰਤ ਵਿੱਚ ਪ੍ਰਧਾਨ ਸ਼੍ਰੀ ਸਲੀਮ ਆਫ਼ਤਾਬ ਸਲੀਮ ਨੇ ਸੰਗਤ ਅਤੇ ਪਲਾਕ ਇੰਸਟੀਟਊਟ ਦਾ ਧੰਨਵਾਦ ਕੀਤਾ ਅਤੇ ਹੋਰ ਕਵੀਆਂ ਵਾਂਗ ਸੁੰਦਰ ਅਤੇ ਸ਼ਾਨਦਾਰ ਕਲਾਮ ਪੇਸ਼ ਕਰਕੇ ਬਹੁਤ ਦਾਦ ਵਸੂਲੀ. ਸਾਰੇ ਕਵੀਆਂ ਨੇ ਸੁੰਦਰ ਅਤੇ ਸ਼ਾਨਦਾਰ ਕਵਿਤਾਵਾਂ ਪੇਸ਼ ਕੀਤੀਆਂ ਅਤੇ ਕਲਾਮ ਪੇਸ਼ ਕਰਕੇ ਪੂਰੀ ਪ੍ਰਸ਼ੰਸਾ ਪ੍ਰਾਪਤ ਕੀਤੀ। ਅਤੇ ਅੰਤ ਵਿੱਚ ਸੰਗਤ ਦੁਆਰਾ ਚਾਹ ਦਾ ਵੀ ਵਧੀਆ ਪ੍ਰਬੰਧ ਕੀਤਾ ਗਿਆ ਸੀ। ਰਿਪੋਰਟ ਪੇਸ਼ ਕਰਤਾ : ਐਮ.ਵਾਈ.ਸ਼ਾਹਿਦ, ਸੈਕਟਰੀ,ਪੰਜਾਬੀ ਅਦਬੀ ਸੰਗਤ ਲਾਹੌਰ, ਪਾਕਿਸਤਾਨ ਗੁਰਮੁਖੀ ਰੂਪਾਂਤਰ : ਸਲੀਮ ਆਫ਼ਤਾਬ ਸਲੀਮ, ਕਸੂਰੀ।

ਆਵਾਜ਼ਿ ਕੌਮ AWAZE QAUM International Newspaper & WEB TV

### ਖੰਨਾ ਨਰਸਿੰਗ ਹੋਮ ਵਿਚ ਮੁ.ਫਤ ਮੈਡੀਕਲ ਕੈਂਪ ਸਫਲਤਾ ਪੂਰਵਕ ਸੰਪੰਨ

# 400 ਤੋਂ ਵੱਧ ਮਰੀਜ਼ਾਂ ਨੇ ਲਿਆ ਲਾਭ




ਫ਼ਿਰੋਜ਼ਪੁਰ, 04 ਜਨਵਰੀ (ਮਨੋਹਰ ਲਾਲ) :— ਸ਼ਹਿਰ ਦੇ ਖੰਨਾ ਨਰਸਿੰਗ ਹੋਮ ਵੱਲੋਂ ਲੋੜਵੰਦਾਂ ਨੂੰ ਮੈਡੀਕਲ ਸਹੂਲਤ ਦੇਣ ਦੇ ਮਨੋਰਥ ਨਾਲ ਹਸਪਤਾਲ ਕੈਂਪਸ ਵਿਚ ਲਾਇਆ ਮੁਫਤ ਮੈਡੀਕਲ ਕੈਂਪ। ਇਸ ਕੈਂਪ ਵਿਚ ਮਾਹਿਰ ਡਾਕਟਰਾਂ ਵੱਲੋਂ 400 ਤੋਂ ਵੱਧ ਮਰੀਜਾਂ ਦੇ ਚਮੜੀ ਰੋਗ, ਇਸਤਰੀ ਰੋਗ ਅਤੇ ਸਰਜਰੀ ਓ.ਪੀ.ਡੀ ਨਾਲ ਸਬੰਧਤ ਬਿਮਾਰੀਆਂ ਦਾ ਚੈਕਅਪ ਕੀਤਾ ਗਿਆ। ਹਸਪਤਾਲ ਪ੍ਰਬੰਧਕਾਂ ਨੇ ਦੱਸਿਆ ਕਿ ਇਹ ਮੈਡੀਕਲ ਕੈਂਪ ਹਰ ਸਾਲ ਨਿਯਮਿਤ ਤੌਰ 'ਤੇ ਲਗਾਇਆ ਜਾਂਦਾ ਹੈ, ਜਿਸ ਦਾ ਮੁੱਖ ਉਦੇਸ਼ ਲੋੜਵੰਦ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗ ਦੇ ਲੋਕਾਂ ਨੂੰ ਬਿਹਤਰ ਸਿਹਤ ਸਹੂਲਤਾਂ ਪ੍ਰਦਾਨ ਕਰਨਾ ਹੈ। ਕੈਂਪ ਦੌਰਾਨ ਮਰੀਜ਼ਾਂ ਨੂੰ ਮੁ.ਫਤ ਦਵਾਈਆਂ ਦੇ ਨਾਲ—ਨਾਲ ਲੋੜ ਅਨੁਸਾਰ ਅਲਟਰਾਸਾਊਂਡ ਅਤੇ ਲੈਬ ਜਾਂਚ ਦੀ ਸਹੂਲਤ ਵੀ ਦਿੱਤੀ ਗਈ। ਇਸ ਕੈਂਪ ਵਿੱਚ ਚਮੜੀ ਰੋਗਾਂ ਦੇ ਮਾਹਿਰ ਡਾ: ਨਰੇਸ਼ ਖੰਨਾ, ਇਸਤਰੀ ਅਤੇ ਪ੍ਰਸੂਤੀ ਰੋਗਾਂ ਦੇ ਮਾਹਿਰ ਡਾ: ਸਰੋਜ ਖੰਨਾ, ਜਨਰਲ ਸਰਜਨ ਡਾ: ਹਰਸ਼ ਭੱਲਾ ਅਤੇ ਡੈਂਟਲ ਸਰਜਨ ਡਾ: ਕੋਮਲ ਅਰੋੜਾ ਨੇ ਆਪਣੀਆਂ ਸੇਵਾਵਾਂ ਦਿੱਤੀਆਂ। ਕੈਂਪ ਵਿਚ ਵੱਡੀ ਗਿਣਤੀ ਮਰੀਜ਼ ਪਹੁੰਚਣ ਦੇ ਬਾਵਜੂਦ ਜਾਂਚ ਪ੍ਰਬੰਧ ਸੁਚਾਰੂ ਤਰੀਕੇ ਨਾਲ ਚੱਲਦਾ ਰਿਹਾ। ਜ਼ਿਕਰਯੋਗ ਹੈ ਕਿ ਡਾ: ਨਰੇਸ਼ ਖੰਨਾ (ਐਮ.ਬੀ.ਬੀ.ਐਸ, ਡੀ.ਡੀ.ਵੀ.ਡੀ.) ਇਲਾਕੇ ਦੇ ਪ੍ਰਸਿੱਧ ਚਮੜੀ ਰੋਗ ਦੇ ਮਾਹਿਰ ਹਨ ਅਤੇ ਉਹ ਪਿਛਲੇ ਕਈ ਸਾਲਾਂ ਤੋਂ ਖੰਨਾ ਨਰਸਿੰਗ ਹੋਮ ਦੇ ਮਾਧਿਅਮ ਨਾਲ ਸਮਾਜ ਸੇਵਾ ਨਾਲ ਜੁੜੇ ਹੋਏ ਹਨ। ਡਾ: ਖੰਨਾ ਦੀ ਅਗਵਾਈ ਹੇਠ ਹਰ ਸਾਲ ਮੁ.ਫਤ ਮੈਡੀਕਲ ਕੈਂਪ ਦਾ ਆਯੋਜਨ ਕੀਤਾ ਜਾਂਦਾ ਹੈ, ਜਿਸ ਨਾਲ ਸੈਂਕੜੇ ਲੋੜਵੰਦ ਮਰੀਜ਼ ਲਾਭਾਂਵਿਤ ਹੁੰਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ ਸਿਹਤ ਸੇਵਾ ਸਿਰ.ਫ ਕਾਰੋਬਾਰ ਨਹੀਂ, ਸਗੋਂ ਸਮਾਜ ਪ੍ਰਤੀ ਇੱਕ ਜ਼ਿੰਮੇਵਾਰੀ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

# ਸੀਨੀਅਰ ਸਿਟੀਜਨ ਫੋਰਮ ਵੱਲੋਂ ਨਵੇਂ ਸਾਲ ਦੇ ਆਮਦ 'ਤੇ ਕੈਂਡਲਵੁਡ ਪੈਲੇਸ ਵਿਖੇ ਰੰਗਾਰੰਗ ਪ੍ਰੋਗਰਾਮ ਦਾ ਆਯੋਜਨ






**ਫ਼ਿਰੋਜ਼ਪੁਰ, 4 ਜਨਵਰੀ (ਮਨੋਹਰ ਲਾਲ)**-ਸੀਨੀਅਰ ਸਿਟੀਜਨ ਫੋਰਮ ਵੱਲੋਂ ਨਵੇਂ ਸਾਲ ਦੇ ਆਮਦ 'ਤੇ ਕੈਂਡਲਵੂਡ ਪੈਲੇਸ ਵਿਖੇ ਰੰਗਾਰੰਗ ਪ੍ਰੋਗਰਾਮ ਦਾ ਆਯੋਜਨ ਹੋਇਆ। ਇਸ ਮੌਕੇ 'ਤੇ ਮੁੱਖ ਮਹਿਮਾਨ ਕਮਲ ਬਾਗੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਮੌਕੇ ਚੇਅਰਮੈਨ ਐੱਸਪੀ ਖੇੜਾ, ਪ੍ਰਦੀਪ ਧਵਨ ਪ੍ਰਧਾਨ, ਤਿਲਕ ਰਾਜ ਏਰੀ, ਦੇਸ ਬੰਧੂ ਤੂਲੀ, ਹਰੀਸ਼ ਮੋਂਗਾ, ਸਤੀਸ਼ ਪੁਰੀ, ਮਹਿੰਦਰ ਸਿੰਘ ਧਾਲੀਵਾਲ, ਰਾਤਿੰਦਰ ਕਮਲ, ਅਸ਼ੋਕ ਗਰਗ, ਸੁਰਿੰਦਰ ਬਿਲਾਸੀ, ਪ੍ਰਵੀਨ ਤਲਵਾੜ, ਜੋਗਿੰਦਰ ਨਾਥ ਕੱਕੜ, ਅਸ਼ੋਕ ਕੱਕੜ, ਰਾਕੇਸ਼ ਸ਼ਰਮਾ, ਅਸ਼ੋਕ ਸ਼ਰਮਾ ਹਾਜ਼ਰ ਸਨ। ਇਸ ਮੌਕੇ ਤੇ ਗੀਤ ਸੰਗੀਤ ਵਿਚ ਰਾਮੇਸ਼ ਕਾਲੀਆ, ਮੂਲ ਚੰਦ ਭੱਟੀ, ਪੈਟਰਸ ਰਾਜੇਸ਼ ਵਾਸੂਦੇਵ, ਮਨਮੋਹਨ ਸਿਆਲ, ਪ੍ਰੇਮ ਰਸੀਆ, ਰਾਮ ਕੁਮਾਰ ਚੋਪੜਾ, ਬੂਟਾ ਰਾਮ ਨੇ ਬਹੁਤ ਵਧੀਆ ਗੀਤ ਸੰਗੀਤ ਗਾਏ। ਇਸ ਮੌਕੇ ਪ੍ਰੋਫੈਸਰ ਜੇਐੱਸ, ਡਾ. ਸੁਰਿੰਦਰ ਸਿੰਘ, ਕੇਕੇ ਜੈਦਕਾ ਨੇ ਆਪਣੇ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਸੀਨੀਅਰ ਸਿਟੀਜਨ ਫੋਰਮ ਵੱਲੋਂ ਕੇਕੇ ਜੈਦਕਾ ਨੂੰ ਸਨਮਾਨਿਤ ਕੀਤਾ। ਇਸ ਮੌਕੇ ਤੇ ਰੋਹਿਤ ਏਰੀ, ਮੋਹਿਤ ਏਰੀ ਅਤੇ ਮਨੀਸ਼ ਸ਼ਰਮਾ ਨੂੰ ਸਨਮਾਨਿਤ ਕੀਤਾ। ਇਸ ਮੌਕੇ ਕਮਲ ਬਾਗੀ ਨੇ ਬੋਲਦਿਆਂ ਕਿਹਾ ਕਿ ਭਾਵੇਂ ਕਿ ਮੈਨੂੰ ਡਾਕਟਰੀ ਲਾਇਨ ਵਿਚ 43 ਸਾਲ ਦਾ ਸਮਾਂ ਹੋ ਗਿਆ ਹੈ ਅਤੇ ਮੈਂ ਪਹਿਲਾਂ 60-70 ਸਾਲ ਦੀ ਉਪਰ ਵਾਲੇ ਨੂੰ ਹਾਰਟ ਅਟੈਕ ਹੁੰਦੇ ਵੇਖਿਆ ਸੀ, ਪਰ ਹੁਣ 25-30-40 ਸਾਲ ਦੇ ਨੌਜਵਾਨਾਂ ਨੂੰ ਹਾਰਟ ਅਟੈਕ ਹੋ ਰਿਹਾ ਹੈ। ਡਾ. ਕਮਲ ਬਾਗੀ ਨੇ ਅੱਗੇ ਕਿਹਾ ਕਿ ਮੈਂ ਬਾਗੀ ਹਸਪਤਾਲ ਵੱਲੋਂ ਕੁਝ ਨਵਾਂ ਕਰਨ ਦੀ ਸੋਚ ਰਿਹਾ ਹਾਂ, ਜੋ ਜਲਦੀ ਹੀ ਐਲਾਨ ਕਰ ਦਿੱਤਾ ਜਾਵੇਗਾ। ਇਸ ਮੌਕੇ ਪ੍ਰਦੀਪ ਧਵਨ ਨੇ ਕਿਹਾ ਕਿ ਬਾਗੀ ਹਸਪਤਾਲ ਵੱਲੋਂ ਸੀਨੀਅਰ ਸਿਟੀਜਨ ਫੋਰਮ ਦੇ ਕਿਸੇ ਮੈਂਬਰ ਨੂੰ ਰਾਤ ਬਰਾਤ ਕੋਈ ਦੁੱਖ ਤਕਲੀਫ ਆਉਂਦੀ ਹੈ ਤਾਂ ਉਨ੍ਹਾਂ ਲਈ ਹਰ ਵਕਤ ਇਕ ਐਂਬੂਲੈਂਸ ਤਿਆਰ ਮਿਲਦੀ, ਇਸ ਮੌਕੇ ਤੇ ਪ੍ਰਧਾਨ ਪ੍ਰਦੀਪ ਧਵਨ ਆਏ ਹੋਏ ਮੁੱਖ ਮਹਿਮਾਨਾਂ ਦਾ ਧੰਨਵਾਦ ਕੀਤਾ। ਖਾਸ ਕਰਕੇ ਸ੍ਰੀ ਕਮਲ ਬਾਗੀ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਸਾਡੇ ਛੋਟੇ ਜਿਹੇ ਕਹਿਣ ਤੇ ਹਾਜ਼ਰੀ ਭਰੀ। ਇਸ ਤੋਂ ਇਲਾਵਾ ਉਨ੍ਹਾਂ ਨਵੇਂ ਮੈਂਬਰਾਂ ਦਾ ਵੀ ਧੰਨਵਾਦ ਕੀਤਾ। ਇਸ ਮੌਕੇ ਤੇ ਬਜ਼ੁਰਗ ਮੈਂਬਰਾਂ ਨੇ ਤਬੋਲਾ ਖੇਡ ਵੀ ਖੇਡੀ ਅਤੇ ਜੇਤੂਆਂ ਨੂੰ ਸਨਮਾਨਿਤ ਕੀਤਾ। ਇਸ ਮੌਕੇ ਤੇ ਸਟੇਜ ਦੀ ਸੇਵਾ ਮਹਿੰਦਰ ਸਿੰਘ ਧਾਲੀਵਾਲ ਨੇ ਬਹੁਤ ਸੁਚੱਜੇ ਢੰਗ ਨਾਲ ਨਿਭਾਈ। ਇਸ ਮੌਕੇ ਤੇ ਖਾਸ ਖਾਣ ਪੀਣ ਦਾ ਇਤਜ਼ਾਮ ਬਹੁਤ ਹੀ ਵਧੀਆ ਢੰਗ ਨਾਲ ਕੀਤਾ ਹੋਇਆ ਸੀ।

# ਮਮਦੋਟ ਇਲਾਕੇ ਵਿਚ ਕਿਸਾਨਾਂ ਨੇ ਕੱਢਿਆ ਮੋਟਰ ਸਾਈਕਲ ਮਾਰਚ



ਫ਼ਿਰੋਜ਼ਪੁਰ, 04 ਜਨਵਰੀ (ਮਨੋਹਰ ਲਾਲ) :— ਸੰਯੁਕਤ ਕਿਸਾਨ ਮੋਰਚਾ ਤੇ ਸੱਦੇ ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਅਤੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਬੁੱਟਰ ਗਰੁੱਪ ਵੱਲੋਂ ਮਮਦੋਟ ਵਿਖੇ ਕੀਤਾ ਗਿਆ ਮੋਟਰਸਾਈਕਲ ਮਾਰਚ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਕਿਸਾਨ ਆਗੂ ਹਰਨੇਕ ਸਿੰਘ ਮਹਿਮਾ ਨੇ ਦੱਸਿਆ ਕਿ ਸੰਯੁਕਤ ਕਿਸਾਨ ਮੋਰਚਾ ਪੰਜਾਬ ਦੇ ਸੱਦੇ ਤੇ ਕੇਂਦਰ ਅਤੇ ਪੰਜਾਬ ਸਰਕਾਰ ਦੀਆਂ ਨਿਜੀਕਰਨ ਦੀਆਂ ਨੀਤੀਆਂ ਖਿਲਾਫ 16 ਜਨਵਰੀ ਨੂੰ ਸਾਰੇ ਪੰਜਾਬ ਦੇ ਡੀ.ਸੀ ਦਫਤਰਾਂ ਮੂਹਰੇ ਸਾਰੀਆਂ ਜਥੇਬੰਦੀਆਂ ਵੱਲੋਂ ਸਾਂਝੇ ਧਰਨੇ ਦਿੱਤੇ ਜਾਣੇ ਹਨ। ਉਨ੍ਹਾਂ ਕਿਹਾ ਕਿ ਨਿੱਜੀਕਰਨ ਦੀਆਂ ਨੀਤੀਆਂ ਦੇ ਖਿਲਾਫ ਪਿੰਡਾਂ ਦੇ ਲੋਕਾਂ ਨੂੰ ਜਾਗਰੂਕ ਕਰਨ ਲਈ ਸੰਯੁਕਤ ਕਿਸਾਨ ਮੋਰਚਾ ਦੇ ਸੱਦੇ ਉਪਰ ਅੱਜ ਬਲਾਕ ਮਮਦੋਟ ਦੇ ਪਿੰਡਾਂ ਵਿੱਚ ਮੋਟਰਸਾਈਕਲ ਮਾਰਚ ਕੀਤਾ ਗਿਆ, ਜਿਸ ਦੀ ਅਗਵਾਈ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਸੂਬਾ ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਅਤੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਬੁੱਟਰ ਗਰੁੱਪ ਦੇ ਜ਼ਿਲ੍ਹਾ ਪ੍ਰਧਾਨ ਗੁਰਮੀਤ ਸਿੰਘ ਪੋਜੋ ਕੇ ਵੱਲੋਂ ਕੀਤੀ ਗਈ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਜ਼ਿਲਾ ਪ੍ਰਧਾਨ ਜਗੀਰ ਸਿੰਘ ਖਹਿਰਾ ਨੇ ਕਿਹਾ ਕਿ ਬਿਜਲੀ ਸੋਧ ਬਿੱਲ 2025 ਨੂੰ ਲਾਗੂ ਕਰਕੇ ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਉਦਾਰੀ ਕਰ ਨਿੱਜੀਕਰਨ ਅਤੇ ਵਪਾਰੀ ਕਰਨ ਨੂੰ ਖੁੱਲ ਦੇਣ ਦਾ ਸੱਦਾ ਦਿੱਤਾ ਜਾ ਰਿਹਾ ਹੈ ਅਤੇ ਪੰਜਾਬ ਸਰਕਾਰ ਵੀ ਇਸ ਨੂੰ ਲਾਗੂ ਕਰਨ ਲਈ ਪੱਬਾਂ ਭਾਰ ਖੜੀ ਹੈ ਇਨ੍ਹਾਂ ਨਿੱਜੀਕਰਨ ਦੀਆਂ ਨੀਤੀਆਂ ਦੇ ਖਿਲਾਫ ਬੋਲਣ ਵਾਲੇ ਪੱਤਰਕਾਰ ਸਾਥੀਆਂ ਨੂੰ ਡਰਾਇਆ ਤੇ ਧਮਕਾਇਆ ਜਾ ਰਿਹਾ ਹੈ ਜੋ ਕਿ ਜਥੇਬੰਦੀਆਂ ਵੱਲੋਂ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਆਉਣ ਵਾਲੀ 16 ਜਨਵਰੀ ਨੂੰ ਇਸ ਬਿਜਲੀ ਸੋਧ ਬਿਲ ਅਤੇ ਬੀਜ ਸੋਧ ਬਿਲ ਚਾਰ ਲੇਬਰ ਕੋਡ ਅਤੇ ਮਨਰੇਗਾ ਸਕੀਮ ਨੂੰ ਖਤਮ ਕਰਨ ਦੇ ਖਿਲਾਫ ਡੀ.ਸੀ ਦਫਤਰ ਫਿਰੋਜ਼ਪੁਰ ਵਿਖੇ ਇੱਕ ਵੱਡਾ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ, ਜਿਸ ਵਿੱਚ ਲੋਕਾਂ ਨੂੰ ਸ਼ਾਮਿਲ ਹੋਣ ਲਈ ਬੇਨਤੀ ਕੀਤੀ। ਉਨ੍ਹਾਂ ਕਿਹਾ ਕਿ ਇਹ ਮੋਟਰਸਾਈਕਲ ਅਤੇ ਝੰਡਾ ਮਾਰਚ ਦਾਣਾ ਮੰਡੀ ਮਮਦੋਟ ਤੋਂ ਸ਼ੁਰੂ ਹੋ ਕੇ ਪਿੰਡ ਭੱਟੀਆਂ, ਰਹੀਮੇ ਕੇ ਸੱਦਰ ਕੇ, ਛਾਂਗਾ, ਪੋਜੋਕੇ ਤੋਂ ਮਮਦੋਟ ਦਾਣਾ ਮੰਡੀ ਵਿਖੇ ਸਮਾਪਤ ਕੀਤਾ ਗਿਆ। ਇਸ ਮੋਟਰਸਾਈਕਲ ਮਾਰਚ ਵਿੱਚ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਤੋਂ ਜ਼ਿਲ੍ਹਾ ਜਥੇਬੰਦਕ ਸਕੱਤਰ ਨਿਰਮਲ ਸਿੰਘ ਰੱਜੀਵਾਲਾ ਵਿਰਸਾ ਸਿੰਘ ਪਿੰਡ ਪੱਧਰੀ ਬਲਵੀਰ ਸਿੰਘ ਬਿੱਲਾ ਗੁਰਨਾਮ ਸਿੰਘ ਸਤਪਾਲ ਸਿੰਘ ਜਾਮਾ ਰਖਈਆ ਭਾਰਤੀ ਕਿਸਾਨ ਯੂਨੀਅਨ ਏਕਤਾ ਡਕਾਉਂਦਾ ਜ਼ਿਲ੍ਹਾ ਪ੍ਰੈਸ ਸਕੱਤਰ ਲਖਵੀਰ ਸਿੰਘ ਡੋਡ ਬਲਾਕ ਮਮਦੋਟ ਪ੍ਰਧਾਨ ਬਲਕਾਰ ਸਿੰਘ ਜੋਧਪੁਰ ਹਰਬੰਸ ਸਿੰਘ ਜੋਧਪੁਰ ਮੇਜਰ ਸਿੰਘ ਚੰਦੀ ਗੁਰਪ੍ਰੀਤ ਸਿੰਘ ਗੱਟੀ ਡਾਕਟਰ ਗੁਰਦੀਪ ਸਿੰਘ ਲੱਖਾ ਸਿੰਘ ਵਾਲਾ ਸੁੱਚਾ ਸਿੰਘ ਜੋਧਪੁਰ ਸਰਦੂਲ ਸਿੰਘ ਬਰਾੜ ਗੁਰਜੀਤ ਸਿੰਘ ਗਿੱਲ ਯੋਧਾ ਸਿੰਘ ਹਰਜੀਤ ਸਿੰਘ ਗੱਟੀ ਆਦਿ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਦੇਗ ਤੇਗ ਫਤਿਹ॥

# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

ਦੇ ਸਹਿਯੋਗ ਨਾਲ

## ਸਿੱਖ ਸਟੂਡੈਂਟ ਫੈਡਰੇਸ਼ਨ

ਵੱਲੋਂ

## ਸ਼ਹੀਦ ਭਾਈ ਸਤਵੰਤ ਸਿੰਘ ਜੀ, ਭਾਈ ਬੇਅੰਤ ਸਿੰਘ ਜੀ ਅਤੇ ਭਾਈ ਕਿਹਰ ਸਿੰਘ ਜੀ

ਆਵਾਜ਼ਿ ਕੌਮ AWAZE QAUM International Newspaper & WEB TV

ਦੀ

# ਸ਼ਹੀਦੀ ਬਰਸੀ

## ੨੩ ਪੋਹ, ਨਾਨਕਸ਼ਾਹੀ ਸੰਮਤ ੫੫੭

ਮੁਤਾਬਿਕ

## (ਮੰਗਲਵਾਰ, 6 ਜਨਵਰੀ 2026) ਨੂੰ

# ਗੁਰਦੁਆਰਾ ਮੋਤੀ ਬਾਗ ਸਾਹਿਬ

ਵਿਖੇ ਮਨਾਈ ਜਾ ਰਹੀ ਹੈ

**ਪ੍ਰੋਗਰਾਮ (ਸਵੇਰੇ)**

6.00 ਤੋਂ 8.00 – ਆਸਾ ਦੀ ਵਾਰ – ਭਾਈ ਸਤਬੀਰ ਸਿੰਘ ਜੀ ਹਜ਼ੂਰੀ ਕੀਰਤਨੀਏ, ਗੁ. ਸੀਸ ਗੰਜ ਸਾਹਿਬ
8.00 ਤੋਂ 8.45 – ਕਥਾ – ਭਾਈ ਜੋਗਿੰਦਰ ਸਿੰਘ ਜੀ ਹੈੱਡ ਗ੍ਰੰਥੀ
9.00 ਤੋਂ 10.15 – ਕੀਰਤਨ – ਭਾਈ ਗੁਰਮੇਲ ਸਿੰਘ ਜੀ ਹਜ਼ੂਰੀ ਕੀਰਤਨੀਏ, ਗੁ. ਸੀਸ ਗੰਜ ਸਾਹਿਬ
10.15 ਤੋਂ 11.30 – ਢਾਡੀ ਪ੍ਰਸੰਗ – ਭਾਈ ਕਰਮਜੀਤ ਸਿੰਘ ਜੀ ਹਜ਼ੂਰੀ ਢਾਡੀ, ਗੁ. ਸੀਸ ਗੰਜ ਸਾਹਿਬ
11.30 ਤੋਂ 12.45 – ਕੀਰਤਨ – ਭਾਈ ਜਸਕਰਨ ਸਿੰਘ ਜੀ ਪਟਿਆਲਾ ਹਜ਼ੂਰੀ ਕੀਰਤਨੀਏ, ਸ੍ਰੀ ਹਰਿਮੰਦਰ ਸਾਹਿਬ

ਉਪਰੰਤ ਅਰਦਾਸ, ਸਮਾਪਤੀ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ

**ਖ਼ਾਲਸਾ ਜੀ, ਆਓ! ਆਪਣੇ ਸ਼ਹੀਦਾਂ ਦੀ ਯਾਦ ਮਨਾਉਂਦੇ ਹੋਏ ਅਕਾਲ ਪੁਰਖ ਪਾਸੋਂ ਖ਼ਾਲਸਾ ਪੰਥ ਦੀ ਚੜ੍ਹਦੀ ਕਲਾ ਦੀ ਮੰਗ ਕਰੀਏ**

ਗੁਰੂ ਪੰਥ ਦੇ ਦਾਸ

ਹਰਮੀਤ ਸਿੰਘ ਕਾਲਕਾ
ਪ੍ਰਧਾਨ

ਹਰਵਿੰਦਰ ਸਿੰਘ ਕੇ.ਪੀ.
ਸੀਨੀਅਰ ਮੀਤ ਪ੍ਰਧਾਨ

ਆਤਮਾ ਸਿੰਘ ਲੁਬਾਣਾ ਮੀਤ ਪ੍ਰਧਾਨ

ਜਸਪ੍ਰੀਤ ਸਿੰਘ ਕਰਮਸਰ
ਚੇਅਰਮੈਨ, ਧਰਮ ਪ੍ਰਚਾਰ ਕਮੇਟੀ

ਜਗਦੀਪ ਸਿੰਘ ਕਾਹਲੋਂ
ਜਨਰਲ ਸਕੱਤਰ

ਜਸਮੇਨ ਸਿੰਘ ਨੋਨੀ ਜਾਇੰਟ ਸਕੱਤਰ

# ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ

237312580-81-82, 23737328-29 www.dsgmc.in info@dsgmc.in

ਵਧੇਰੇ ਜਾਣਕਾਰੀ ਲਈ ਰਜਿੰਦਰ ਸਿੰਘ ਅਤੇ ਚਰਨਜੀਤ ਸਿੰਘ ਮੋਬਾਇਲ ਨੰਬਰ 9811775205, 9717970696 'ਤੇ ਸੰਪਰਕ ਕਰੋ ਜੀ

# ੴ ਕੌਮ ਦੇ ਹੀਰੇ ੴ



ਸ਼ਹੀਦ ਭਾਈ ਕੇਹਰ ਸਿੰਘ ਜੀ



ਸ਼ਹੀਦ ਭਾਈ ਬੇਅੰਤ ਸਿੰਘ ਜੀ



ਸ਼ਹੀਦ ਭਾਈ ਸਤਵੰਤ ਸਿੰਘ ਜੀ

## ਦੇ ਸ਼ਹੀਦੀ ਸਮਾਗਮ ਨੂੰ ਸਮਰਪਿਤ ਕੀਰਤਨ ਦਰਬਾਰ ਅਤੇ ਢਾਡੀ ਦਰਬਾਰ

ਪਿੰਡ ਮੁਸਤਫ਼ਾਬਾਦ, ਜਿਲ੍ਹਾਂ ਸ਼੍ਰੀ ਫਤਹਿਗੜ੍ਹ ਸਾਹਿਬ ( ਪੰਜਾਬ ) ਵਿਖੇ ਕਰਵਾਇਆ ਜਾ ਰਿਹਾ ਹੈ। ਸੰਗਤਾਂ ਨੂੰ ਬੇਨਤੀ ਹੈ ਕਿ ਇਸ ਕੀਰਤਨ ਸਮਾਗਮ ਵਿੱਚ ਹੁੰਮਹੁਮਾ ਕੇ ਪਹੁੰਚਣ ਦੀ ਕ੍ਰਿਪਾਲਤਾ ਕਰਨੀ ਜੀ।

**ਪ੍ਰੋਗਰਾਮ: 11 ਜਨਵਰੀ 2026 ਦਿਨ ਐਤਵਾਰ**

* 10 ਵਜੇ ਪਾਠ ਸ਼੍ਰੀ ਸੁੱਖਮਨੀ ਸਾਹਿਬ ਜੀ
* ਉਪਰੰਤ ਕੀਰਤਨ ਸਮਾਗਮ ਅਤੇ ਢਾਡੀ ਦਰਬਾਰ
* 12 ਤੋਂ 1 ਵਜੇ ਤੱਕ ਸ਼ਹੀਦ ਸਿੰਘਾ ਜੀ ਦੇ ਜੀਵਨ ਅਤੇ ਸੰਘਰਸ਼ ਸਬੰਧੀ ਵਿਸ਼ੇਸ ਵਿਚਾਰਾ ਕੀਤੀਆਂ ਜਾਣਗੀਆਂ
* ਉਪਰੰਤ ਅਰਦਾਸ ਅਤੇ ਸਮਾਪਤੀ

ਗੁਰੂ ਕਾ ਲੰਗਰ ਅਤੁੱਟ ਵਰਤੇਗਾ। :

ਆਵਾਜ਼ਿ ਕੌਮ AWAZE QAUM International Newspaper & WEB TV



ਬੇਨਤੀ ਕਰਤਾ: ਭਾਈ ਸਤਵੰਤ ਸਿੰਘ ( ਸਪੁੱਤਰ ਸ਼ਹੀਦ ਭਾਈ ਕੇਹਰ ਸਿੰਘ ਜੀ )

ਸਮੂੰਹ ਸ਼ਹੀਦ ਪਰਿਵਾਰ ,ਗ੍ਰਾਮ ਪੰਚਾਇਤ ਤੇ ਨਗਰ ਨਿਵਾਸੀ ਅਤੇ ਇਲਾਕਾ ਨਿਵਾਸੀ 98103-84682





**ਗੁਰਦੁਆਰਾ ਨਾਨਕ ਨਿਰੰਕਾਰ ਬੱਦੋਵਾਲ ਲੁਧਿਆਣਾ ਵਿਖੇ ਪ੍ਰਕਾਸ਼ ਪੁਰਬ ਨੂੰ ਸਮਰਪਿਤ**

# 41 ਅਖੰਡਪਾਠਾ ਦੇ ਭੋਗ ਉਪਰੰਤ ਧਾਰਮਿਕ ਦੀਵਾਨ ਸਜਾਏ ਗਏ : ਸੰਤ ਬਾਬਾ ਰੇਸ਼ਮ ਸਿੰਘ



**ਜੰਡਿਆਲਾ ਗੁਰੂ 4 ਜਨਵਰੀ( ਕੁਲਵੰਤ ਸਿੰਘ ਵਿਰਦੀ )**-ਗੁਰਦੁਆਰਾ ਨਾਨਕ ਨਿਰੰਕਾਰ ਬੱਦੋਵਾਲ ਲੁਧਿਆਣਾ ਵਿਖੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਮਹਾਨ ਗੁਰਮਤਿ ਸਮਾਗਮ ਕਰਵਾਏ ਗਏ, ਅਖੰਡਪਾਠ ਸਾਹਿਬ ਜੀ ਲੜੀਵਾਰ ਅਖੰਡਪਾਠਾਂ ਦੇ ਭੋਗ ਪਾਏ, ਧਾਰਮਿਕ ਦੀਵਾਨ ਸਜਾਏ ਗਏ ਅਤੇ ਪੰਥ ਦੇ ਨਾਮਵਰ ਰਾਗੀ ਢਾਡੀ ਕਵੀਸ਼ਰ ਪ੍ਰਚਾਰ ਕ ਤੇ ਕਥਾ ਵਾਚਕਾਂ ਨੇ ਹਾਜ਼ਰੀ ਲਵਾਈ ਅਤੇ ਆਈ ਸੰਗਤ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਜੀਵਨ ਇਤਿਹਾਸ ਨਾਲ ਜੋੜਿਆ,ਸੰਤ ਮਹਾਂਪੁਰਸ਼ਾਂ ਨੇ ਹੁਕਮਨਾਮੇ ਨੇ ਦੀ ਕਥਾ ਵਿਚਾਰ ਕੀਤੀ,ਸਮੂਹ ਬੁਲਾਰਿਆਂ ਤੇ ਹੋਰ ਸਨਮਾਨਯੋਗ ਹਸਤੀਆਂ ਦਾ ਸਨਮਾਨ ਕੀਤਾ ਗਿਆ ਅਤੇ ਗੁਰੂ ਕੇ ਲੰਗਰ ਅਟੁੱਟ ਵਰਤਾਏ ਗਏ, ਇਸ ਸਬੰਧੀ ਪ੍ਰੈਸ ਨੂੰ ਜਾਣਕਾਰੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਖਾਲਸਾ ਦੇ ਕੌਮੀ ਪ੍ਰਧਾਨ ਭਾਈ ਵਿਰਸਾ ਸਿੰਘ ਖਾਲਸਾ ਨੇ ਗੁਰਮਤਿ ਸਮਾਗਮ 'ਚ ਹਾਜ਼ਰੀਆਂ ਭਰਨ ਤੋਂ ਉਪਰੰਤ ਇੱਕ ਲਿਖਤੀ ਪ੍ਰੈਸ ਬਿਆਨ ਰਾਹੀਂ ਦਿੱਤੀ,ਉਹਨਾਂ ਦੱਸਿਆ ਮਹਾਂਪੁਰਖ ਸੰਤ ਬਾਬਾ ਰੇਸ਼ਮ ਸਿੰਘ ਚੱਕਪੱਖੀ ਵਾਲੇ ਜਿਥੇ ਸਮੂਹ ਗੁਰ ਸਾਹਿਬਾਨਾਂ ਨਾਲ ਸਬੰਧਤ ਸਮੂਹ ਪ੍ਰਕਾਸ਼ ਦਿਹਾੜੇ ਮਨਾਉਣ ਦੇ ਨਾਲ ਨਾਲ ਦੇਸ਼ਾਂ ਵਿਦੇਸ਼ਾਂ ਦੀਆਂ ਸੰਗਤਾਂ ਨੂੰ ਗੁਰੂਬਾਣੀ ਆਦਿ ਆਦਿ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਜੋੜਨ ਦੀ ਧਾਰਮਿਕ ਲਹਿਰ ਚਲਾਈ ਹੋਈ ਹੈ ਅਤੇ ਇਸੇ ਮਰਯਾਦਾ ਨੂੰ ਮੁੱਖ ਰੱਖਦਿਆਂ ਗੁਰਦੁਆਰਾ ਨਾਨਕ ਨਿਰੰਕਾਰ ਬੱਦੋਵਾਲ ਝਾਡਾ ਰੋੜ ਲੁਧਿਆਣਾ ਵਿਖੇ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ 15 ਦਸੰਬਰ 41 ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ ਸਨ ਜਿਨ੍ਹਾਂ ਦੀ ਅੰਤਿਮ ਲੜੀ'ਚ ਚਾਰ ਅਖੰਡ ਪਾਠਾਂ ਦੇ ਸੰਪੂਰਨ ਭੋਗ,ਅਰਦਾਸ ਤੇ ਪਾਵਨ ਪਵਿੱਤਰ ਹੁਕਮ ਨਾਮੇ ਦੀ ਕਥਾ ਵਿਚਾਰ ਮੁੱਖ ਪ੍ਰਬੰਧਕ ਸੰਤ ਮਹਾਂਪੁਰਸ਼ ਸੰਤ ਬਾਬਾ ਰੇਸ਼ਮ ਸਿੰਘ ਜੀ ਚੱਕ ਪੱਖੀ ਵਾਲਿਆਂ ਵੱਲੋਂ ਸਬਦ ਵਿਚਾਰ ਕਥਾ ਤੋਂ ਉਪਰੰਤ ਗੁਰਮਤਿ ਸਮਾਗਮ ਦੀ ਆਰੰਭਤਾ ਹੋਈ ਜਿਸ ਵਿੱਚ ਪੰਥ ਦੇ ਨਾਮਵਰ ਰਾਗੀ ਢਾਡੀ ਕਵੀਸ਼ਰ ਪ੍ਰਚਾਰਕਾਂ ਨੇ ਸੰਗਤਾਂ ਨੂੰ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਜੀਵਨ ਇਤਿਹਾਸ ਦੇ ਨਾਲ ਨਾਲ ਗੁਰਬਾਣੀ ਆਦਿ ਗੁਰੂ ਗ੍ਰੰਥ ਸਾਹਿਬ ਜੀ ਤੇ ਸਿੱਖੀ ਦੇ ਸੁਨਹਿਰੇ ਵਿਰਸੇ ਇਤਿਹਾਸ ਨਾਲ ਜੋੜਿਆ, ਇਸ ਮੌਕੇ ਤੇ ਗੁਰਪ੍ਰੀਤ ਕੌਰ ਮਾਨ ਪਤਨੀ ਮੁੱਖ ਮੰਤਰੀ ਪੰਜਾਬ ਸਰਕਾਰ ਸ੍ਰ ਭਗਵੰਤ ਸਿੰਘ ਮਾਨ,ਸੰਤ ਬਾਬਾ ਰੇਸ਼ਮ ਸਿੰਘ ਚੱਕ ਪੱਖੀ ਵਾਲੇ, ਭਾਈ ਕੁਲਦੀਪ ਸਿੰਘ ਜੀ ਗੁਰਪ੍ਰੀਤ ਸਿੰਘ ਜੀ ਡੀ ਐਸ ਪੀ ਪੰਜਾਬ ਪੁਲਿਸ, ਹਰਪ੍ਰੀਤ ਸਿੰਘ ਸਰਪੰਚ ਗੁਰਪ੍ਰੀਤ ਸਿੰਘ ਗਰੇਵਾਲ ਵਿਕਾਸ ਗੋਇਲ ਦਰਬਾਰਾ ਸਿੰਘ ਆਨੰਦ ਸਿੰਘ ਦਿੱਲੀ ਗੁਰਦੇਵ ਸਿੰਘ ਦਿੱਲੀ ਪ੍ਰਦੀਪ ਯਾਦਵ, ਬਾਬਾ ਲਾਲ ਸਿੰਘ ਪੀਖੀਵਾਲੇ ਬਲਕਾਰ ਸਿੰਘ ਡੱਬਵਾਲੀ ਅੰਮ੍ਰਿਤਪਾਲ ਸਿੰਘ ਐਮ ਐਲ ਦੇ ਸੁਖਨੰਦ ਆਦਿ ਨੇ ਹਾਜ਼ਰੀ ਲਵਾਈ ਮਹਾਂਪੁਰਖਾ ਵੱਲੋਂ ਸਮੂਹ ਬੁਲਾਰਿਆਂ ਤੇ ਹੋਰ ਸਨਮਾਨ ਯੋਗ ਹਸਤੀਆਂ ਦਾ ਸਨਮਾਨ ਕੀਤਾ ਅਤੇ ਗੁਰੂ ਕੇ ਲੰਗਰ ਅਟੁੱਟ ਵਰਤਾਏ ਗਏ।

ਆਵਾਜ਼ਿ ਕੌਮ AWAZE QAUM International Newspaper & WEB TV

## ਸਾਹਿਬ-ਏ-ਕਮਾਲ

ਧੰਨ ਮੇਰੇ ਸਤਿਗੁਰੂ ਪਾਤਸ਼ਾਹ ਦਾ ਰੂਪ ਸੁਹਾਵਾ
ਧੰਨ ਚੋਜੀ ਪ੍ਰੀਤਮ ਜੀ ਧੰਨ ਸਾਹਿਬ ਏ ਕਮਾਲ।
ਧੰਨ ਧੰਨ ਬਾਦਸ਼ਾਹ ਦਰਵੇਸ਼ ਜੀ ਦੀ ਸਾਜੀ ਬਾਣੀ
ਵੈਰੀਆਂ ਦੀ ਅਲਖ ਮੁਕਾਈ ਧੰਨ ਤੇਗ ਦਾ ਜਲਾਲ।।
ਧੰਨ ਗੁਰੂ ਗੋਬਿੰਦ ਸਿੰਘ ਜੀ ਕਾਮਿਲਿ-ਲ-ਅਖ਼ਲਾਕ
ਤੁਰਕ ਰਾਜ ਦੀ ਜੜ੍ਹ ਪੁੱਟੀ ਕੀਤਾ ਸੁਪਰਦੇ ਖ਼ਾਕ।
ਧੰਨ ਧੰਨ ਅਕਾਲ ਰੂਪ ਪੁਰਖ ਨੂਰ-ਏ-ਇਲਾਹੀ
ਧੰਨ ਕਾਲ ਦਾ ਗਿਆਤਾ ਧੰਨ ਧੰਨ ਸੰਤ-ਸਿਪਾਹੀ।।
ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ
ਪ੍ਰਗਟਿਓ ਮਰਦ ਅਗੰਬੜਾ ਵਰਿਆਮ ਅਕੇਲਾ।।
ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ।।
ਧੰਨ ਧੰਨ ਸ਼ਸਤ੍ਰਨ ਦੀ ਮਹਿਮਾ ਧੰਨ ਪੰਥ ਨਿਆਰਾ
ਬਾਣੀ ਬਾਣੇ ਦੇ ਧਾਰਨੀ ਅਲੌਕਿਕ ਰੂਪ ਨਿਆਰਾ।।
ਧੰਨ ਇਲਾਹੀ ਦਰਵੇਸ਼ ਧੰਨ ਨੀਲੇ ਘੋੜੇ ਦਾ ਸ਼ਾਹਸਵਾਰ
ਧੰਨ ਰਹਿਬਰ-ਏ-ਬਹਿਮੰਡ ਧੰਨ ਧੰਨ ਚੰਡੀ ਦੀ ਵਾਰ।
ਧੰਨ ਕਲਗੀਆਂ ਵਾਲਾ ਧੰਨ ਬਾਜ਼ਾਂ ਵਾਲੇ ਦਾ ਬੋਲਾਂ
ਧੰਨ ਭਗੌਤੀ ਧੰਨ ਕਾਲਕਾ ਸਨਮੁੱਖ ਨਾ ਕੋਈ ਰੌਲਾ।।
ਧੰਨ ਮੁਰਸ਼ਦ ਅਸੀਮ ਬਲਵਾਨ ਦਿਲਾਂ ਦੀਆਂ ਜਾਣਦਾ
ਚਹੁ ਤਖ਼ਤ ਦੇ ਰਾਜਨ ਸੀਸ ਪੁਰ ਕਾਲ ਛੱਤਰ ਤਾਣਦਾ।
ਧੰਨ ਖ਼ੁਦਾ ਬਖ਼ਸ਼ਣਹਾਰ ਪੰਡਿਤਾਂ ਦਾ ਦੁੱਖ ਨਾ ਸਹਾਰਿਆ
ਧੰਨ ਮਹਾਂਬਲੀ ਸੂਰਾ ਪੰਥ ਸਾਜ ਪਰਿਵਾਰ ਵਾਰਿਆਂ।।
ਜਰ, ਜ਼ੋਰੂ ਤੇ ਜ਼ਮੀਨ ਖਾਤਿਰ ਨਾ ਦਾਤੇ ਲੜੀਆਂ ਲੜਾਈਆਂ
ਧੰਨ ਪੈਗੰਬਰ ਮਜ਼ਲੂਮਾਂ ਦੀ ਰੱਖਿਆ ਕੀਤੀਆਂ ਚੜ੍ਹਾਈਆਂ।
ਧੰਨ ਮਹਾਨ ਸੈਨਾਨੀ ਕਕਾਰ ਬਖ਼ਸ਼ ਖ਼ਾਲਸਾ ਸਜਾਇਆ
ਰੱਚ ਜ਼ਫ਼ਰਨਾਮਾ ਔਰਗਜ਼ੇਬ ਜਹੁਨੰਮ ਪਹੁੰਚਾਇਆ।।
ਧੰਨ ਦੁਸ਼ਟ ਦਮਨ ਧੰਨ ਨੀਤੀਵਾਨ ਸ਼ਕਤੀਮਾਨ
ਧੰਨ ਉੱਚ ਕੋਟੀ ਲੇਖਣੀ ਰਚਿਆ ਸ੍ਰੀ ਜਾਪੁ ਸਾਹਿਬ ਮਹਾਨ।
ਧੰਨ ਸਾਹਿਬ-ਏ-ਇਲਮ ਦਾਰਸ਼ਿਨਕ ਯੋਧੇ ਮਹਾਨ
ਧੰਨ ਸਾਹਿਬ-ਏ-ਇਨਾਇਤ ਧੰਨ ਧੰਨ ਸਾਹਿਬ-ਏ-ਨਿਸ਼ਾਨ।।
ਧੰਨ ਸਾਹਿਬ-ਏ-ਹਿਕਮਤ ਧੰਨ ਸਾਹਿਬ ਤੇਰੀ ਸਚਿਆਈ
ਧੰਨ ਸਾਹਿਬ-ਏ-ਵਫ਼ਾ ਧੰਨ ਸਾਹਿਬ ਤੇਰੀ ਵਡਿਆਈ।
ਧੰਨ ਧੰਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਧੰਨ ਤੇਰੀ ਰਹਿਮਤਾਈ
ਨਿਮਾਣੇ ਸੁਰਿੰਦਰ ਅੱਖਰ ਸਜੋਂ ਕਵਿਤਾ ਵਿੱਚ ਮਹਿਮਾ ਗਾਈ।।

**-ਡਾ. ਸੁਰਿੰਦਰਪਾਲ ਸਿੰਘ, ਸ੍ਰੀ ਅੰਮ੍ਰਿਤਸਰ ਸਾਹਿਬ।**

ਆਵਾਜ਼ਿ ਕੌਮ AWAZE QAUM International Newspaper & WEB TV

### ਪਿੰਡ ਮੱਲ੍ਹੀਆ ਵਿਖੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ

# ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸਾਲ ਨਗਰ ਕੀਰਤਨ ਸਜਾਇਆ ਗਿਆ



**ਜੰਡਿਆਲਾ ਗੁਰੂ 4 ਜਨਵਰੀ ( ਕੁਲਵੰਤ ਸਿੰਘ ਵਿਰਦੀ )**-ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਦਸਵੇਂ ਪਾਤਸ਼ਾਹ , ਸਰਬੰਸਦਾਨੀ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਪਿੰਡ ਮੱਲ੍ਹੀਆਂ ਵਿਖੇ ਪੱਤੀ ਜੈਲਦਾਰਾਂ ਦੀ ਵਿਖੇ ਗੁਰਦੁਆਰਾ ਸਾਹਿਬ ਤੋ ਫੁੱਲਾਂ ਨਾਲ ਸੱਜੀ ਪਾਲਕੀ ਸਾਹਿਬ ਵਿੱਚ ਸੁਸੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ ।ਮੌਕੇ ਤੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਹੋਇਆਂ ਗੁਰਦੁਆਰਾ ਸਾਹਿਬ ਦੇ ਹੈੱਡ ਗ੍ਰੰਥੀ ਬਾਬਾ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਪ੍ਰਕਾਸ ਪੁਰਬ ਨੂੰ ਸਮਰਪਿਤ 3 ਜਨਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਆਰੰਭਤਾ ਕੀਤੀ ਗਈ ਅਤੇ ਅੱਜ 4 ਜਨਵਰੀ ਨੂੰ ਪੰਜ ਪਿਆਰਿਆਂ ਦੀ ਅਗਵਾਈ ਹੇਠ ਜੈਕਾਰਿਆਂ ਦੀ ਗੂੰਜ ਚ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ ਨਗਰ ਕੀਰਤਨ ਪਿੰਡ ਦੇ ਵੱਖ ਵੱਖ ਗੁਰਦੁਆਰੇ ਸਾਹਿਬਾਨਾਂ ਦੇ ਦਰਸ਼ਨ ਕਰਦੇ ਹੋਏ।ਗੁਰਦੁਆਰਾ ਜੈਲਦਾਰਾਂ ਦੀ ਪੱਤੀ, ਵੱਡਾ ਗੁਰਦੁਆਰਾ ਸਾਹਿਬਾਨ, ਗੁਰਦੁਆਰਾ ਬਾਬਾ ਜੀਵਨ ਸਿੰਘ ਜੀ, ਗੁਰਦੁਆਰਾ ਬਾਬਾ ਬੀਰ ਸਿੰਘ ਜੀ, ਅਤੇ ਗੁਰਦੁਆਰਾ ਸ੍ਰੀ ਹਰਗੋਬਿੰਦ ਪਾਤਸ਼ਾਹ ਜੀ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਸ੍ਰੀ ਫਲਾਹ ਸਾਹਿਬ ਜੀ ਦੇ ਦਰਸ਼ਨ ਦੀਦਾਰੇ ਕਰਦੇ ਹੋਏ, ਵਾਪਸ ਦੇਰ ਸ਼ਾਮ ਆਪਣੇ ਨਿੱਜੀ ਸਥਾਨਾਂ ਤੇ ਸੰਪੰਨ ਹੋਇਆ।ਇਸ ਮੌਕੇ ਤੇ ਨਗਰ ਕੀਰਤਨ ਦੇ ਮਗਰ ਰੱਬ ਰੂਪੀ ਸੰਗਤ ਨੇ ਗੁਰਬਾਣੀ ਦਾ ਗੁਣ ਗਾਣ ਕਰਕੇ ਅਨੰਦ ਮਾਣਿਆ। ਸੰਗਤਾਂ ਨੇ ਆਪਣੇ ਘਰਾਂ ਦੇ ਵਿੱਚ ਸੱਦ ਕੇ, ਮਠਿਆਈ ਅਤੇ ਵੱਖ-ਵੱਖ ਪਦਾਰਥਾਂ ਨਾਲ ਸੇਵਾ ਕੀਤੀ ।ਅਤੇ ਦੇਰ ਸ਼ਾਮ ਨਗਰ ਕੀਰਤਨ ਦੀ ਸੰਪੂਰਨਤਾ ਦੀ ਅਰਦਾਸ ਕਰਕੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਪਣੇ ਨਿੱਜੀ ਸਥਾਨਾਂ ਤੇ ਬਿਰਾਜਮਾਨ ਕਰਕੇ ਸੰਪੂਰਨਤਾ ਦੀ ਅਰਦਾਸ ਕੀਤੀ ਗਈ ਇਸ ਮੌਕੇ ਤੇ ਬਾਬਾ ਗੁਰਵਿੰਦਰ ਸਿੰਘ ਨੇ ਦੱਸਿਆ ਕਿ 5 ਜਨਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ ਅਤੇ ਇਸ ਉਪਰੰਤ ਸਮੂਹ ਨਗਰ ਨਿਵਾਸੀ ਸੰਗਤਾਂ ਦੇ ਸਹਿਯੋਗ ਸਦਕਾ ਗੁਰੂ ਕਾ ਅਤੁੱਟ ਲੰਗਰ ਲਗਾਇਆ ਜਾਵੇਗਾ !

### ਕਲਜੁਗ ਜਾਂ ਬਦਲਦੀ ਸੋਚ ?

# ਕੈਨੇਡਾ ਵਿੱਚ ਪੰਜਾਬੀ ਨੌਜਵਾਨਾਂ ਦੇ ਟੁੱਟਦੇ ਰਿਸ਼ਤੇ ਅਤੇ ਸਮਾਜਕ ਸੱਚ



ਅੱਜ ਦੇ ਸਮੇਂ ਵਿੱਚ ਰਿਸ਼ਤੇ ਜੁੜਨ ਤੋਂ ਪਹਿਲਾਂ ਹੀ ਟੁੱਟ ਰਹੇ ਹਨ। ਵਿਆਹ, ਜੋ ਕਦੇ ਸਾਂਝ, ਸਬਰ ਅਤੇ ਸਮਝ ਦਾ ਨਾਂ ਹੁੰਦਾ ਸੀ, ਹੁਣ ਸ਼ਰਤਾਂ, ਮੰਗਾਂ ਅਤੇ ਲਾਭ-ਹਾਨੀ ਦੀ ਤੋਲ ਬਣ ਗਿਆ ਹੈ। ਇਹ ਸਵਾਲ ਆਪਣੇ ਆਪ ਉੱਠਦਾ ਹੈ—ਇਹ ਕਲਜੁਗ ਹੈ ਜਾਂ ਲੋਕਾਂ ਦੀ ਬਦਲਦੀ ਸੋਚ ?

ਕੈਨੇਡਾ ਵਿੱਚ ਵੱਸਦਾ ਇੱਕ ਪੰਜਾਬੀ ਨੌਜਵਾਨ, ਜੋ ਮਿਹਨਤੀ ਹੈ, ਨਸ਼ੇ ਤੋਂ ਦੂਰ ਹੈ ਅਤੇ ਸਾਦਾ ਜੀਵਨ ਜੀਉਂਦਾ ਹੈ, ਉਸਦੇ ਨਾਲ ਤਿੰਨ-ਚਾਰ ਵਾਰ ਰਿਸ਼ਤਾ ਪੱਕਾ ਹੋ ਕੇ ਟੁੱਟ ਗਿਆ। ਕਦੇ "ਸੋਚ ਨਹੀਂ ਮਿਲੀ" ਕਹਿ ਕੇ, ਕਦੇ ਘਰਦਿਆਂ ਵੱਲੋਂ ਜਵਾਬ ਆ ਗਿਆ। ਗੱਲ ਦੀ ਤਹਿ 'ਚ ਜਾਣ 'ਤੇ ਪਤਾ ਲੱਗਦਾ ਹੈ ਕਿ ਮੁੰਡੇ ਵੱਲੋਂ ਨਾ ਕੋਈ ਮੰਗ ਹੈ, ਨਾ ਦਿਖਾਵਾ—ਫਿਰ ਵੀ ਰਿਸ਼ਤਾ ਅਖੀਰਲੇ ਵੇਲੇ ਤੋੜ ਦਿੱਤਾ ਜਾਂਦਾ ਹੈ।

ਉਹ ਨੌਜਵਾਨ ਕਹਿੰਦਾ ਹੈ ਕਿ ਵਿਆਹ ਸਾਦਾ ਹੋਵੇ, ਬਰਾਤ ਓਨੀ ਹੀ ਜਿੰਨੀ ਕੁੜੀ ਵਾਲੇ ਕਹਿਣ, ਗਹਿਣੇ ਜਾਂ ਦਿਖਾਵੇ ਦੀ ਕੋਈ ਲੋੜ ਨਹੀਂ। ਇੱਥੋਂ ਤੱਕ ਕਿ ਉਹ ਇਹ ਵੀ ਕਹਿਣ ਨੂੰ ਤਿਆਰ ਹੈ ਕਿ ਕੁੜੀ ਸਾਦੇ ਕੱਪੜਿਆਂ ਵਿੱਚ ਵੀ ਵਿਆਹ ਕੇ ਆ ਸਕਦੀ ਹੈ। ਪਰ ਸਵਾਲ ਇਹ ਹੈ ਕਿ ਫਿਰ ਵੀ ਅਜਿਹਾ ਕਿਉਂ ਹੋ ਰਿਹਾ ਹੈ ?

ਅੱਜ ਸਮਾਜ ਵਿੱਚ ਇਨਸਾਨ ਦੀ ਪਰਖ ਉਸਦੀ ਨੀਅਤ ਨਾਲ ਨਹੀਂ, ਉਸਦੀ ਕਮਾਈ, ਗੱਡੀ ਅਤੇ ਵਿਦੇਸ਼ੀ ਸਟੇਟਸ ਨਾਲ ਕੀਤੀ ਜਾ ਰਹੀ ਹੈ। ਕਈ ਥਾਵਾਂ 'ਤੇ ਕੁੜੀ ਨੂੰ ਮਿਲ ਕੇ ਰਹਿਣ ਦੀ ਸਿੱਖਿਆ ਦੇਣ ਦੀ ਥਾਂ, ਘਰ 'ਤੇ ਰਾਜ ਕਰਨ ਦਾ ਭਾਵ ਭਰਿਆ ਜਾਂਦਾ ਹੈ। ਇਸੇ ਕਾਰਨ ਕੈਨੇਡਾ ਵਿੱਚ ਅਕਸਰ ਵੇਖਿਆ ਜਾਂਦਾ ਹੈ ਕਿ ਕੁੜੀ ਦੇ ਮਾਪੇ ਨਾਲ ਰਹਿੰਦੇ ਹਨ, ਨਾ ਕਿ ਸੱਸ-ਸੋਹਰੇ—ਅਤੇ ਮੁੰਡਾ ਆਪਣੇ ਹੀ ਘਰ ਵਿੱਚ ਪਰਾਇਆ ਬਣ ਜਾਂਦਾ ਹੈ।

ਗੁਰੂ ਨਾਨਕ ਸਾਹਿਬ ਨੂੰ ਮੰਨਣਾ ਸੌਖਾ ਹੈ, ਪਰ ਉਹਨਾਂ ਦੀ ਸੋਚ 'ਤੇ ਤੁਰਨਾ ਔਖਾ। ਕਿਸੇ ਨੂੰ ਦੁੱਖ ਦੇ ਕੇ ਆਪਣੇ ਸੁੱਖ ਦੀ ਇੱਛਾ ਰੱਖਣੀ—ਇਹ ਗੱਲ ਅੱਜ ਦੇ ਵਰਤਾਓ ਨਾਲ ਟਕਰਾਂਦੀ ਹੈ। ਜੋ ਅਸੀਂ ਕਰਦੇ ਹਾਂ, ਉਹ ਵਾਪਸ ਜ਼ਰੂਰ ਆਉਂਦਾ ਹੈ—ਇਹ ਸੱਚ ਅਜੇ ਵੀ ਅਟੱਲ ਹੈ।

ਅੱਜ ਹਾਲਤ ਇਹ ਹੈ ਕਿ ਚੰਗਾ ਇਨਸਾਨ ਵੀ ਲੋਕਾਂ ਨੂੰ ਠੱਗ ਲੱਗਣ ਲੱਗ ਪੈਂਦਾ ਹੈ। ਸਮਾਜ ਨੇ ਇੰਨੇ ਤਜਰਬੇ ਸਹੇ ਹਨ ਕਿ ਸੱਚਾਈ 'ਤੇ ਵੀ ਸ਼ੱਕ ਹੋ ਜਾਂਦਾ ਹੈ।

ਘਰ ਵਿੱਚ ਆਟਾ ਹੋਵੇ ਜਾਂ ਨਾ, ਪਰ ਜਵਾਈ ਗੱਡੀ ਵਾਲਾ ਹੋਵੇ—ਇਹ ਸੋਚ ਕਿੱਥੋਂ ਆ ਗਈ ?

ਜੇ ਮੁੰਡਾ ਕੁੜੀ ਦੇ ਮਾਪਿਆਂ ਨੂੰ ਰੱਬ ਮੰਨੇ ਤਾਂ ਠੀਕ, ਪਰ ਆਪਣੇ ਮਾਂ-ਬਾਪ ਨੂੰ ਰੱਬ ਮੰਨੇ ਤਾਂ ਗਲਤ—ਇਹ ਦੋਹਰਾ ਮਿਆਰ ਕਿਵੇਂ ਜਾਇਜ਼ ਹੋ ਸਕਦਾ ਹੈ ?

ਨਤੀਜਾ ਸਾਫ਼ ਹੈ: ਕਲਜੁਗ ਕੋਈ ਵੱਖਰਾ ਦੌਰ ਨਹੀਂ, ਇਹ ਸਾਡੀ ਬਦਲੀ ਹੋਈ ਸੋਚ ਦਾ ਨਾਂ ਹੈ।

ਫਿਰ ਵੀ, ਸੱਚ, ਸਬਰ ਅਤੇ ਸਾਫ਼ ਨੀਅਤ ਵਾਲੇ ਲੋਕ ਹਾਰਦੇ ਨਹੀਂ—ਦੇਰ ਨਾਲ ਹੀ ਸਹੀ, ਪਰ ਇਨਸਾਫ਼ ਜ਼ੂਰ ਮਿਲਦਾ ਹੈ।

**-ਗਗਨਦੀਪ ਸਿੰਘ ਖੀਪਲ**

# ਵੈਂਜ਼ੂਏਲਾ 'ਚ ਅਮਰੀਕਾ ਦੇ ਐਕਸ਼ਨ ਮਗਰੋਂ ਭਾਰਤ ਨੇ ਜਾਰੀ ਕੀਤੀ ਐਡਵਾਇਜ਼ਰੀ, ਕਿਹਾ- ਗੈਰ-ਜ਼ਰੂਰੀ ਯਾਤਰਾਵਾਂ ਤੋਂ ਬਚਣ ਭਾਰਤੀ ਲੋਕ

**ਨਵੀਂ ਦਿੱਲੀ, 4 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਭਾਰਤ ਨੇ ਆਪਣੇ ਨਾਗਰਿਕਾਂ ਨੂੰ ਵੈਨੇਜ਼ੁਏਲਾ 'ਤੇ ਅਮਰੀਕੀ ਹਮਲੇ ਤੋਂ ਬਾਅਦ ਵੈਨੇਜ਼ੁਏਲਾ ਦੀ ਹਰ ਤਰ੍ਹਾਂ ਦੀ ਗੈਰ-ਜ਼ਰੂਰੀ ਯਾਤਰਾ ਤੋਂ ਬਚਣ ਦੀ ਅਪੀਲ ਕੀਤੀ। ਅਮਰੀਕੀ ਸੈਨਿਕਾਂ ਨੇ ਕਰਾਕਸ 'ਤੇ ਫੌਜੀ ਛਾਪੇਮਾਰੀ ਤੋਂ ਬਾਅਦ ਦੱਖਣੀ ਅਮਰੀਕੀ ਦੇਸ਼ ਦੇ ਰਾਸ਼ਟਰਪਤੀ ਨਿਕੋਲਸ ਮਾਦੁਰੋ ਅਤੇ ਉਨ੍ਹਾਂ ਦੀ ਪਤਨੀ ਨੂੰ ਫੜ ਲਿਆ ਅਤੇ ਉਨ੍ਹਾਂ ਨੂੰ ਅਮਰੀਕਾ ਲੈ ਗਏ। ਅਮਰੀਕਾ ਨਾਲ ਮਹੀਨਿਆਂ ਦੇ ਤਣਾਅ ਤੋਂ ਬਾਅਦ ਅਮਰੀਕੀ ਫੌਜ ਨੇ ਮਾਦੁਰੋ ਨੂੰ ਫੜਨ ਲਈ ਇੱਕ ਕਾਰਵਾਈ ਸ਼ੁਰੂ ਕੀਤੀ। ਇਸ ਵਿੱਚ ਰਾਸ਼ਟਰਪਤੀ 'ਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿੱਚ ਸ਼ਾਮਲ ਹੋਣ ਦਾ ਦੋਸ਼ ਲਗਾਇਆ ਗਿਆ ਸੀ। ਮਾਦੁਰੋ ਨੇ ਇਨ੍ਹਾਂ ਦੋਸ਼ਾਂ ਤੋਂ ਇਨਕਾਰ ਕੀਤਾ। ਅਮਰੀਕਾ ਨੇ ਸਤੰਬਰ ਤੋਂ ਵੈਨੇਜ਼ੁਏਲਾ ਦੇ ਨੇੜੇ ਪਾਣੀਆਂ ਵਿੱਚ 20 ਤੋਂ ਵੱਧ ਹਵਾਈ ਹਮਲੇ ਵੀ ਕੀਤੇ ਹਨ। ਸ਼ਨੀਵਾਰ ਦੇਰ ਰਾਤ, ਵਿਦੇਸ਼ ਮੰਤਰਾਲੇ ਨੇ ਇੱਕ ਸਲਾਹਕਾਰੀ ਜਾਰੀ ਕੀਤੀ ਜਿਸ ਵਿੱਚ ਕਿਹਾ ਗਿਆ ਹੈ ਕਿ ਵੈਨੇਜ਼ੁਏਲਾ ਵਿੱਚ ਹਾਲ ਹੀ ਵਿੱਚ ਹੋਏ ਘਟਨਾਕ੍ਰਮ ਦੇ ਮੱਦੇਨਜ਼ਰ, ਭਾਰਤੀ ਨਾਗਰਿਕਾਂ ਨੂੰ ਵੈਨੇਜ਼ੁਏਲਾ ਦੀ ਗੈਰ-ਜ਼ਰੂਰੀ ਯਾਤਰਾ ਤੋਂ ਬਚਣ ਦੀ ਸਲਾਹ ਦਿੱਤੀ ਜਾਂਦੀ ਹੈ।

ਵੈਨੇਜ਼ੁਏਲਾ ਵਿੱਚ ਸਾਰੇ ਭਾਰਤੀਆਂ ਨੂੰ ਬਹੁਤ ਜ਼ਿਆਦਾ ਸਾਵਧਾਨੀ ਵਰਤਣ ਅਤੇ ਆਪਣੀਆਂ ਗਤੀਵਿਧੀਆਂ ਨੂੰ ਸੀਮਤ ਕਰਨ ਦੀ ਸਲਾਹ ਦਿੱਤੀ ਗਈ ਹੈ। ਕਿਰਪਾ ਕਰਕੇ ਕਰਾਕਸ ਵਿੱਚ ਭਾਰਤੀ ਦੂਤਾਵਾਸ ਨਾਲ ਈਮੇਲ ਪਤੇ ਜਾਂ ਐਮਰਜੈਂਸੀ ਫ਼ੋਨ ਨੰਬਰ 58-412-9584288 ਰਾਹੀਂ ਸੰਪਰਕ ਵਿੱਚ ਰਹੋ। ਸ਼ਨੀਵਾਰ ਨੂੰ ਇੱਕ ਇੰਟਰਵਿਊ ਵਿੱਚ, ਟਰੰਪ ਨੇ ਕਿਹਾ ਕਿ ਲਾਤੀਨੀ ਅਮਰੀਕੀ ਦੇਸ਼ ਦੇ ਰਾਸ਼ਟਰਪਤੀ ਨੂੰ ਫੜਨ ਅਤੇ ਹਟਾਉਣ ਤੋਂ ਬਾਅਦ ਸੰਯੁਕਤ ਰਾਜ ਅਮਰੀਕਾ ਵੈਨੇਜ਼ੁਏਲਾ ਦੇ ਭਵਿੱਖ ਬਾਰੇ ਫੈਸਲੇ ਲਵੇਗਾ। ਉਸਨੇ ਕਿਹਾ ਕਿ ਉਹ ਇਸ ਗੱਲ ਵਿੱਚ ਬਹੁਤ ਜ਼ਿਆਦਾ ਸ਼ਾਮਲ ਹੋਵੇਗਾ ਕਿ ਦੇਸ਼ ਨੂੰ ਕੌਣ ਸ਼ਾਸਨ ਕਰਦਾ ਹੈ। ਉਸਨੇ ਕਿਹਾ, "ਅਸੀਂ ਕਿਸੇ ਹੋਰ ਦੇ ਆਉਣ ਅਤੇ ਉਸ ਦੁਆਰਾ ਛੱਡੀ ਗਈ ਚੀਜ਼ ਨੂੰ ਸੰਭਾਲਣ ਦਾ ਜੋਖਮ ਨਹੀਂ ਲੈ ਸਕਦੇ।" ਟਰੰਪ ਨੇ ਡੈਮੋਕ੍ਰੇਟਿਕ ਕਾਨੂੰਨਸਾਜ਼ਾਂ ਦੀ ਆਲੋਚਨਾ ਨੂੰ ਵੀ ਖਾਰਜ ਕਰ ਦਿੱਤਾ ਕਿ ਉਸਨੇ ਕਾਂਗਰਸ ਤੋਂ ਪਹਿਲਾਂ ਇਜਾਜ਼ਤ ਨਹੀਂ ਲਈ ਅਤੇ ਹਮਲਾ ਗੈਰ-ਕਾਨੂੰਨੀ ਸੀ। ਉਸਨੇ ਆਪਣੇ ਡੈਮੋਕ੍ਰੇਟਿਕ ਆਲੋਚਕਾਂ ਨੂੰ ਕਮਜ਼ੋਰ ਅਤੇ ਮੂਰਖ ਕਿਹਾ। ਉਸਨੇ ਸੰਯੁਕਤ ਰਾਜ ਵਿੱਚ ਮਹਿੰਗਾਈ ਲਈ ਆਪਣੇ ਰਾਜਨੀਤਿਕ ਵਿਰੋਧੀਆਂ ਨੂੰ ਜ਼ਿੰਮੇਵਾਰ ਠਹਿਰਾਇਆ।

# ਮਾਦੂਰੋ ਮਾਮਲੇ ਤੋਂ ਬਾਅਦ ਮੋਦੀ ਸੱਤਾ ਨਿਸ਼ਾਨੇ 'ਤੇ ਪਰਿਵਰਤਨ ਨਹੀਂ, ਸੰਘੀ ਢਾਂਚੇ ਦਾ ਟੁੱਟਣਾ ਲਾਜ਼ਮੀ - ਗੁਰਪਤਵੰਤ ਸਿੰਘ ਪੰਨੂ



**ਵਾਸ਼ਿੰਗਟਨ ਡੀ.ਸੀ., 4 ਜਨਵਰੀ (ਸਰਬਜੀਤ ਸਿੰਘ ਬਨੂੜ)**-ਸਿੱਖਸ ਫਾਰ ਜਸਟਿਸ ਨੇ ਦਾਅਵਾ ਕੀਤਾ ਹੈ ਕਿ ਅਮਰੀਕਾ ਵੱਲੋਂ ਮਾਦੂਰੋ ਮਾਮਲੇ ਵਿੱਚ ਕੀਤੀ ਗਈ ਕਾਰਵਾਈ ਤੋਂ ਬਾਅਦ ਮੋਦੀ ਦੀ ਸੱਤਾ ਅੰਤਰਰਾਸ਼ਟਰੀ ਨਿਸ਼ਾਨੇ 'ਤੇ ਆ ਗਈ ਹੈ ਅਤੇ ਹੁਣ ਭਾਰਤੀ ਸੰਘ ਵਿੱਚ ਸਿਰਫ਼ ਪਰਿਵਰਤਨ ਨਹੀਂ, ਬਲਕਿ ਪੂਰੇ ਸੰਘੀ ਢਾਂਚੇ ਦਾ ਟੁੱਟਣਾ ਲਾਜ਼ਮੀ ਬਣ ਚੁੱਕਾ ਹੈ।

ਸਿੱਖਸ ਫਾਰ ਜਸਟਿਸ ਦੇ ਜਨਰਲ ਕੌਂਸਲ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਸਾਲ 2014 ਤੋਂ ਅੱਜ ਤੱਕ, ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਰਤ ਨੇ ਅਜਿਹੀਆਂ ਰਾਜਸੀ ਨੀਤੀਆਂ ਅਪਣਾਈਆਂ ਹਨ ਜੋ ਅਮਰੀਕਾ ਦੇ ਰਾਸ਼ਟਰੀ ਸੁਰੱਖਿਆ ਹਿਤਾਂ, ਲੋਕਤੰਤਰਿਕ ਆਦਰਸ਼ਾਂ ਅਤੇ ਆਰਥਿਕ ਸੰਤੁਲਨ ਲਈ ਘਾਤਕ ਸਾਬਤ ਹੋਈਆਂ ਹਨ। ਸਿੱਖਸ ਫਾਰ ਜਸਟਿਸ ਨੇ ਦਾਅਵਾ ਕੀਤਾ ਹੈ ਕਿ ਖ਼ਾਲਿਸਤਾਨ ਪੱਖੀ ਸਿੱਖ, ਅਮਰੀਕਾ ਵਿੱਚ ਨਸ਼ੀਲੀ ਅਰਥਵਿਵਸਥਾ ਦੇ ਪ੍ਰਸਾਰ ਲਈ ਉੱਤਰਦਾਇਤ ਦੇਸ਼ਾਂ ਵਿਰੁੱਧ ਚੱਲ ਰਹੀ ਕਾਨੂੰਨੀ ਤੇ ਰਾਜਨੀਤਿਕ ਕਾਰਵਾਈ ਵਿੱਚ ਡੋਨਾਲਡ ਟਰੰਪ ਦੇ ਨਾਲ ਅਡਿੱਗ ਰੂਪ ਵਿੱਚ ਖੜ੍ਹੇ ਹਨ। ਸਿੱਖਸ ਫਾਰ ਜਸਟਿਸ ਨੇ ਕਿਹਾ ਕਿ ਅਮਰੀਕਾ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਕਾਨੂੰਨੀ ਜਵਾਬਦੇਹੀ ਅੰਤਰਰਾਸ਼ਟਰੀ ਰਾਜਨੀਤੀ ਵਿੱਚ ਪ੍ਰਭਾਵੀ ਸਾਧਨ ਹੈ। ਵੇਨੇਜ਼ੁਏਲਾ ਵਿੱਚ ਨਸ਼ਿਆਂ ਵਿਰੁੱਧ ਚਲਾਈ ਗਈ ਕਾਰਵਾਈ ਦਾ ਪਰਿਣਾਮ ਨਿਕੋਲਾਸ ਮਾਦੂਰੋ ਦੀ ਗ੍ਰਿਫ਼ਤਾਰੀ ਅਤੇ ਉਸਦੀ ਸੱਤਾ-ਵਿਵਸਥਾ ਦੀ ਜਵਾਬਦੇਹੀ ਦੇ ਰੂਪ ਵਿੱਚ ਪ੍ਰਗਟ ਹੋਇਆ। ਜਥੇਬੰਦੀ ਅਨੁਸਾਰ ਇਹ ਸਭ ਇਕ ਸੋਚੀ ਸਮਝੀ ਸਾਜ਼ਿਸ਼ ਤਹਿਤ ਨਸ਼ੀਲੀ ਜੰਗ ਜਿਸ ਵਿੱਚ ਫੈਂਟੈਨਿਲ ਨਾਲ ਸੰਬੰਧਿਤ ਰਸਾਇਣਕ ਤੱਤਾਂ ਨੂੰ ਗੈਰਕਾਨੂੰਨੀ ਢੰਗ ਨਾਲ ਭੇਜਣਾ ਅਤੇ ਦੁਰਪਯੋਗ, ਅਮਰੀਕੀ ਰੋਜ਼ਗਾਰ ਅਤੇ ਉਦਯੋਗਕ ਹਿੱਤਾਂ ਦੀ ਨਜ਼ਰਅੰਦਾਜ਼ੀ ਤੇ ਅਮਰੀਕੀ ਨਾਗਰਿਕਾਂ ਖ਼ਿਲਾਫ਼ ਕਥਿਤ ਘਾਤਕ ਯੋਜਨਾਵਾਂ ਵਿੱਚ ਸ਼ਮੂਲੀਅਤ ਤੋਂ ਇਲਾਵਾ ਈਸਾਈ ਭਾਈਚਾਰੇ ਦੀ ਆਸਥਾ ਅਤੇ ਅਧਿਕਾਰਾਂ ਦੀ ਉਲੰਘਣਾ ਕਰਨ ਦਾ ਦੋਸ਼ ਲਾਇਆ ਹੈ। ਪੰਨੂ ਨੇ ਕਿਹਾ ਅਮਰੀਕੀ ਕਾਨੂੰਨ ਦੇ ਅਧੀਨ ਜਵਾਬਦੇਹੀ ਸਰਬਭੌਮ ਸਿਧਾਂਤ ਹੈ। ਉਨ੍ਹਾਂ ਨੇ ਸਪਸ਼ਟ ਕੀਤਾ ਕਿ ਭਾਰਤ ਜਾਂ ਹਿੰਦੁਸਤਾਨ ਵਿੱਚ ਸਿਰਫ਼ ਸੱਤਾ-ਪਰਿਵਰਤਨ ਸਮੱਸਿਆ ਦਾ ਉੱਤਰ ਨਹੀਂ, ਕਿਉਂਕਿ ਉਥੋਂ ਦੀ ਪੂਰੀ ਰਾਜਨੀਤਿਕ ਸੰਰਚਨਾ ਹੀ ਅਜਿਹੀ ਹੈ ਜੋ ਅਮਰੀਕਾ ਦੇ ਲੋਕਤੰਤਰਿਕ ਸਿਧਾਂਤਾਂ ਅਤੇ ਸੁਰੱਖਿਆ ਤਰਜੀਹਾਂ ਨਾਲੋ ਉਲਟ ਹੈ। ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਲੋਕਤੰਤਰਿਕ ਸਵੈ-ਨਿਰਣੇ ਦੇ ਅਧਿਕਾਰ ਰਾਹੀਂ ਭਾਰਤੀ ਸੰਘ ਦਾ ਵਿਘਟਨ ਕੀਤਾ ਜਾਵੇ ਤੇ ਇਸੇ ਦ੍ਰਿਸ਼ਟੀਕੋਣ ਅਧੀਨ, ਸਿੱਖਸ ਫਾਰ ਜਸਟਿਸ ਦੁਨੀਆ ਭਰ ਵਿੱਚ ਖ਼ਾਲਿਸਤਾਨ ਰੈਫਰੈਂਡਮ ਆਯੋਜਿਤ ਕਰ ਰਹੀ ਹੈ, ਤਾਂ ਜੋ ਪੰਜਾਬ ਨੂੰ ਭਾਰਤੀ ਅਧਿਕਾਰਤ ਕਬਜ਼ੇ ਤੋਂ ਸ਼ਾਂਤਮਈ ਅਤੇ ਲੋਕਤੰਤਰਿਕ ਢੰਗ ਨਾਲ ਮੁਕਤ ਕਰਵਾਇਆ ਜਾ ਸਕੇ। ਸੰਗਠਨ ਨੇ ਇਹ ਵੀ ਦੱਸਿਆ ਕਿ ਉਸਦੀ ਸਮੂਹ ਕਾਰਵਾਈ ਕਾਨੂੰਨੀ, ਅੰਤਰਰਾਸ਼ਟਰੀ ਅਤੇ ਰਾਜਨੀਤਿਕ ਅਡਵੋਕੇਸੀ ਦੇ ਦਾਇਰੇ ਵਿੱਚ ਰਹਿੰਦਿਆਂ ਚਲਾਈ ਜਾ ਰਹੀ ਹੈ। ਉੱਤਰੀ-ਪੂਰਬੀ ਸੱਤ ਰਾਜਾਂ ਲਈ ਟਰੰਪਲੈਂਡ ਦਾ ਪ੍ਰਸਤਾਵ ਖੇਤਰੀ ਰਾਜਨੀਤਿਕ ਪੁਨਰ-ਸੰਰਚਨਾ ਦੇ ਵੱਡੇ ਵਿਚਾਰ ਦਾ ਹਿੱਸਾ ਕਰਾਰ ਦਿੱਤਾ ਗਿਆ।

# ਪੰਜਾਬ ਦੀ ਸਿਆਸਤ 'ਚ ਮੱਚੀ ਹਲਚਲ, ਮਸ਼ਹੂਰ ਅਕਾਲੀ ਆਗੂ ਨੂੰ ਕੀਤਾ ਗਿਆ ਗ੍ਰਿਫ਼ਤਾਰ: ਵਰਕਰਾਂ ਵੱਲੋਂ ਥਾਣੇ ਦੇ ਬਾਹਰ ਪ੍ਰਦਰਸ਼ਨ



**ਦੋਰਾਹਾ, 4 ਜਨਵਰੀ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਦੇ ਲੁਧਿਆਣਾ ਵਿੱਚ ਖੰਨਾ ਸ਼ਹਿਰ ਦੇ ਦੋਰਾਹਾ ਇਲਾਕੇ ਵਿੱਚ ਡੇਢ ਸਾਲ ਦੀ ਬੱਚੀ ਦੇ ਲਾਪਤਾ ਹੋਣ ਦੇ ਮਾਮਲੇ ਵਿੱਚ ਪੁਲਿਸ ਨੇ ਸਾਬਕਾ ਸਰਪੰਚ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਜਗਜੀਤ ਸਿੰਘ ਉਰਫ ਜੱਗੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਜਗਜੀਤ ਜੱਗੀ ਪਿੰਡ ਚਣਕੋਈਆਂ ਖੁਰਦ ਦਾ ਰਹਿਣ ਵਾਲਾ ਹੈ। ਇਸ ਗ੍ਰਿਫ਼ਤਾਰੀ ਨਾਲ ਇਲਾਕੇ ਦਾ ਸਿਆਸੀ ਮਾਹੌਲ ਗਰਮਾ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਨੇ ਪੁਲਿਸ ਦੀ ਕਾਰਵਾਈ 'ਤੇ ਸਵਾਲ ਉਠਾਏ ਹਨ। ਜ਼ਿਕਰਯੋਗ ਹੈ ਕਿ ਅਕਾਲੀ ਆਗੂ ਜਗਜੀਤ ਜੱਗੀ ਨੂੰ ਪਿਛਲੇ ਸਾਲ ਵੀ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਹਥਿਆਰਾਂ ਦੀ ਸਪਲਾਈ ਦੇ ਮਾਮਲੇ ਵਿੱਚ ਖੰਨਾ ਪੁਲਿਸ ਨੇ ਗ੍ਰਿਫ਼ਤਾਰ ਕੀਤਾ ਸੀ। ਗ੍ਰਿਫ਼ਤਾਰੀ ਦੇ ਵਿਰੋਧ ਵਿੱਚ ਅਕਾਲੀ ਦਲ ਦੇ ਆਗੂਆਂ ਅਤੇ ਵਰਕਰਾਂ ਨੇ ਐਤਵਾਰ ਦੇਰ ਰਾਤ ਦੋਰਾਹਾ ਪੁਲਿਸ ਸ਼ਹਿਰ ਦੇ ਬਾਹਰ ਵਿਰੋਧ ਪ੍ਰਦਰਸ਼ਨ ਕੀਤਾ। ਇਸ ਵਿਰੋਧ ਪ੍ਰਦਰਸ਼ਨਕਾਰੀਆਂ ਦੀ ਅਗਵਾਈ ਅਕਾਲੀ ਆਗੂ ਗੁਰਪ੍ਰੀਤ ਸਿੰਘ ਲਾਪਰਾ ਨੇ ਕੀਤੀ। ਪ੍ਰਦਰਸ਼ਨਕਾਰੀਆਂ ਨੇ ਦੋਸ਼ ਲਗਾਇਆ ਕਿ ਪੁਲਿਸ ਵੱਲੋਂ ਮਨਮਾਨੀ ਕੀਤੀ ਹੈ ਅਤੇ ਅਕਾਲੀ ਆਗੂਆਂ ਅਤੇ ਵਰਕਰਾਂ ਨੂੰ ਜਾਣਬੁੱਝ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਅਕਾਲੀ ਆਗੂਆਂ ਨੇ ਦਾਅਵਾ ਕੀਤਾ ਹੈ ਕਿ ਦੋਰਾਹਾ ਪੁਲਿਸ ਸ਼ਹਿਰ ਦੇ ਐਸਐਚਓ ਅਕਾਸ਼ ਦੱਤ, ਜਗਜੀਤ ਸਿੰਘ ਜੱਗੀ ਨੂੰ ਆਪਣੀ ਨਿੱਜੀ ਗੱਡੀ ਵਿੱਚ ਲੈ ਕੇ ਗਏ ਸਨ, ਅਤੇ ਨਾ ਤਾਂ ਪਰਿਵਾਰ ਅਤੇ ਨਾ ਹੀ ਪਾਰਟੀ ਆਗੂਆਂ ਨੂੰ ਇਸ ਬਾਰੇ ਸੂਚਿਤ ਕੀਤਾ ਗਿਆ ਸੀ। ਉਨ੍ਹਾਂ ਇਹ ਵੀ ਦੋਸ਼ ਲਗਾਇਆ ਕਿ ਦੇਰ ਰਾਤ ਤੱਕ ਪੁਲਿਸ ਨੇ ਕੋਈ ਸਪੱਸ਼ਟ ਜਾਣਕਾਰੀ ਨਹੀਂ ਦਿੱਤੀ। ਉਨ੍ਹਾਂ ਨੂੰ ਥਾਣੇ ਦੇ ਅੰਦਰ ਵੀ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਗਈ।

ਦੋਰਾਹਾ ਪੁਲਿਸ ਸਟੇਸ਼ਨ ਦੇ ਐਸਐਚਓ ਆਕਾਸ਼ ਦੱਤ ਦੇ ਅਨੁਸਾਰ, ਦਿਲਪ੍ਰੀਤ ਸਿੰਘ ਨਾਮ ਦੇ ਇੱਕ ਵਿਅਕਤੀ ਨੇ ਪੁਲਿਸ ਕੋਲ ਬਿਆਨ ਦਰਜ ਕਰਵਾਇਆ ਹੈ। ਦਿਲਪ੍ਰੀਤ ਸਿੰਘ ਨੇ ਦੱਸਿਆ ਕਿ ਉਹ ਪਹਿਲਾਂ ਜਗਜੀਤ ਸਿੰਘ ਜੱਗੀ ਦਾ ਦੋਸਤ ਸੀ। ਦਿਲਪ੍ਰੀਤ ਦੀ ਪਤਨੀ ਦਾ ਕੁਝ ਸਮਾਂ ਪਹਿਲਾਂ ਦੇਹਾਂਤ ਹੋ ਗਿਆ ਸੀ, ਜਦੋਂ ਉਨ੍ਹਾਂ ਦੀ ਧੀ ਲਗਭਗ 14 ਦਿਨਾਂ ਦੀ ਸੀ, ਅਤੇ ਹੁਣ ਉਹ ਲਗਭਗ ਡੇਢ ਸਾਲ ਦੀ ਹੋ ਚੁੱਕੀ ਹੈ।

ਦਿਲਪ੍ਰੀਤ ਦੀ ਪਤਨੀ ਦੀ ਮੌਤ ਤੋਂ ਬਾਅਦ, ਜਗਜੀਤ ਸਿੰਘ ਜੱਗੀ ਨੇ ਉਸਦੀ ਧੀ ਨੂੰ ਪਾਲਣ ਦਾ ਵਾਅਦਾ ਕੀਤਾ ਸੀ। ਹਾਲਾਂਕਿ, ਇਹ ਦੋਸ਼ ਲਗਾਇਆ ਗਿਆ ਹੈ ਕਿ ਜੱਗੀ ਨੇ ਬੱਚੀ ਨੂੰ ਕਿਸੇ ਹੋਰ ਆਦਮੀ ਨੂੰ ਦੇ ਦਿੱਤਾ ਅਤੇ ਦਿਲਪ੍ਰੀਤ ਸਿੰਘ ਨੂੰ ਉਸਦੀ ਧੀ ਨੂੰ ਮਿਲਣ ਦੀ ਇਜਾਜ਼ਤ ਨਹੀਂ ਦਿੱਤੀ ਜਾ ਰਹੀ। ਦਿਲਪ੍ਰੀਤ ਨੇ ਇਹ ਵੀ ਦੋਸ਼ ਲਗਾਇਆ ਕਿ ਜਦੋਂ ਉਸਨੇ ਆਪਣੀ ਧੀ ਵਾਪਸ ਮੰਗੀ, ਤਾਂ ਉਸ ਤੋਂ ਪੈਸੇ ਮੰਗੇ ਗਏ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243